World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews

INDIA AUSTRALIA CANADA NEW-ZEALAND U.S.A. U.K. U.A.E. QATAR ITALY BELGIUM FRANCE GREECE GERMANY AFRICA MALAYSIA PHILIPPINES THAILAND INDONESIA MAURITIUS

NATIONAL WORLD EDUCATION SPORTS SCIENCE & TECHNOLOGY ENTERTAINMENT HEALTH & ENVIRONMENT HISTORY & CULTURE POLITICS LIFESTYLE LITERARY BUSINESS

# ਸਿੰਘੂ ਬਾਰਡਰ ’ਤੇ ਅੱਜ ਮਨਾਇਆ ਜਾਵੇਗਾ ਸਰਹਿੰਦ ਫਤਹਿ ਦਿਵਸ

## ਕਿਸਾਨਾਂ ਨੂੰ ਮਾਲਕੀ ਦੇ ਹੱਕ ਦਿਵਾਉਣ ਵਾਲੇ ਬੰਦਾ ਸਿੰਘ ਬਾਹਦਰ ਨੂੰ ਕੀਤਾ ਜਾਵੇਗਾ ਯਾਦ



**ਜਲੰਧਰ।** ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਦੀਆਂ ਬਰੂਹਾਂ ’ਤੇ ਬੈਠੇ ਕਿਸਾਨ 12 ਮਈ ਨੂੰ ਸਰਹਿੰਦ ਫਤਹਿ ਦਿਵਸ ਮਨਾਉਣਗੇ। ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਨੇ ਦੱਸਿਆ ਕਿ ਇਸ ਮੌਕੇ ਪਹਿਲੀ ਵਾਰ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਵਾਲੇ ਬਾਬਾ ਬੰਦ ਸਿੰਘ ਬਹਾਦਰ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਫਤਹਿ ਦਿਵਸ ਇਕੱਲਾ ਕਿਸਾਨਾਂ ਲਈ ਹੀ ਨਹੀਂ ਸਗੋ ਮਜ਼ਦੂਰਾਂ ਤੇ ਗਰੀਬਾਂ ਲਈ ਵੀ ਵੱਡਾ ਦਿਨ ਹੈ ਜਦੋਂ ਬਾਬਾ ਬੰਦ ਸਿੰਘ ਬਹਾਦਰ ਨੇ 1710 ਵਿੱਚ ਇਹ ਸੁਨਹਿਰਾ ਇਤਿਹਾਸ ਸਿਰਜਿਆ ਸੀ। ਕਿਸਾਨ ਆਗੂ ਸਤਨਾਮ ਸਿੰਘ ਸਾਹਨੀ ਨੇ ਦੱਸਿਆ ਕਿ ਦਿੱਲੀ ਦੀਆਂ ਹੱਦਾਂ ’ਤੇ ਲੜਿਆ ਜਾ ਰਿਹਾ ਸੰਘਰਸ਼ 6 ਮਹੀਨੇ ਪੂਰੇ ਹੋਣ ਵੱਲ ਵੱਧ ਰਿਹਾ ਹੈ। ਇਸ ਸੰਘਰਸ਼ ਨੇ ਇਨ੍ਹਾਂ ਮਹੀਨਿਆਂ ਵਿੱਚ ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਨੂੰ ਮੋਰਚੇ ਨਾਲ ਇਖ਼ਲਾਕੀ ਤੌਰ ’ਤੇ ਜੋੜੀ ਰੱਖਣ ਦੇ ਮਾਮਲੇ ਵਿੱਚ ਜਿੱਤ ਹਾਸਲ ਕਰ ਕਰ ਲਈ ਹੈ। ਸੰਯੁਕਤ ਕਿਸਾਨ ਮੋਰਚੇ ਨੇ ਬਹੁਤ ਸਾਰੇ ਧਾਰਮਿਕ ਅਤੇ ਕੁਰਬਾਨੀਆਂ ਵਾਲੇ ਸ਼ਹੀਦੀ ਦਿਹਾੜੇ ਮਨਾ ਕੇ ਭਾਜਪਾ ਦੇ ਫਿਰਕੂ ਏਜੰਡੇ ਨੂੰ ਫੇਲ੍ਹ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਕਿਸਾਨ ਆਗੂ ਗੁਰਪਾਲ ਸਿੰਘ ਮੌਲੀ, ਬਲਜੀਤ ਸਿੰਘ ਹਰਦਾ-ਸਪੁਰ ਅਤੇ ਸ਼ਰਨਜੀਤ ਸਿੰਘ ਅਠੌਲੀ ਦਾ ਕਹਿਣਾ ਸੀ ਕਿ ਪੰਜਾਬ ਦੇ ਕਿਸਾਨਾਂ ਨੇ ਕਣਕ ਦੀ ਵਾਢੀ ਦਾ ਕੰਮ ਸਮੇਂ ਸਿਰ ਨਿਬੇੜ ਕੇ ਇੱਕ ਵਾਰ ਫੇਰ ਸਾਬਤ ਕਰ ਦਿੱਤਾ ਹੈ ਕਿ ਉਹ ਫਸਲਾਂ ਨੂੰ ਵੀ ਸੰਭਾਲਣਾ ਜਾਣਦੇ ਹਨ ਤੇ ਮੋਰਚਿਆਂ ਨੂੰ ਵੀ ਸੰਭਾਲ ਰਹੇ ਹਨ। ਕਿਸਾਨ ਆਗੂ ਨੇ ਦੱਸਿਆ ਕਿ ਜਥੇਬੰਦੀ ਦੇ ਪ੍ਰਧਾਨ ਮਨਜੀਤ ਸਿੰਘ ਰਾਏ ਦੀ ਅਗਵਾਈ ਹੇਠ ਦਿੱਲੀ ਦੇ ਸਿੰਘੂ ਬਾਰਡਰ ਲਈ 250 ਗੱਡੀਆਂ ਰਵਾਨਾ ਹੋਈਆਂ ਸਨ ਤੇ ਫਿਲੌਰ, ਲੁਧਿਆਣਾ, ਦੋਰਾਹਾ, ਖੰਨਾ ਤੇ ਰਾਜਪੁਰਾ ਤੱਕ ਕਿਸਾਨਾਂ ਦੀਆਂ ਗੱਡੀਆਂ ਦਾ ਕਾਫਲਾ 2000 ਤੋਂ ਟੱਪ ਗਿਆ ਸੀ। ਇਸ ਕਾਫਲੇ ਵਿੱਚ ਭਾਰਤੀ ਕਿਸਾਨ ਯੂਨੀਅਨ ਦੋਆਬਾ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਜਮਹੂਰੀ ਕਿਸਾਨ ਸਭਾ, ਦੋਆਬਾ ਕਿਸਾਨ ਸੰਘਰਸ਼ ਕਮੇਟੀ ਤੇ ਹੋਰ ਜੱਥੇਬੰਦੀਆਂ ਸ਼ਾਮਿਲ ਸਨ।

**ਖੇਤੀ ਕਾਨੂੰਨ ਰੱਦ ਨਾ ਕਰਨ ’ਤੇ ਸਰਕਾਰ ਨੂੰ ਚਿਤਾਵਨੀ**

ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਨੇ ਚਿਤਾਵਨੀ ਦਿੱਤੀ ਕਿ ਕੇਂਦਰ ਸਰਕਾਰ ਨੇ ਜੇਕਰ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਭਾਜਪਾ ਦਾ ਜੋ ਹਾਲ ਪੱਛਮੀ ਬੰਗਾਲ, ਤਾਮਿਲਨਾਡੂ ਤੇ ਕੇਰਲਾ ਵਿੱਚ ਹੋਇਆ ਹੈ, ਉਹੀ ਹਾਲ ਕਿਸਾਨ 2021 ਵਿੱਚ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਰਨਗੇ। ਉੱਤਰ ਪ੍ਰਦੇਸ਼ ਵਿੱਚ ਹੋਈਆਂ ਪੰਚਾਇਤ ਚੋਣਾਂ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਨੇ ਭਾਜਪਾ ਨੂੰ ਵੱਡੀ ਹਾਰ ਦਿੱਤੀ ਹੈ।

# ਕਰੋਨਾ: ਨਵੇਂ ਕੇਸ ਤੇ ਮੌਤ ਦਰ ਘਟੇ

**ਨਵੀਂ ਦਿੱਲੀ।** ਕੇਂਦਰੀ ਸਿਹਤ ਮੰਤਰਾਲੇ ਨੇ ਅੱਜ ਕਿਹਾ ਕਿ ਦੇਸ਼ ਵਿੱਚ ਕੋਵਿਡ-19 ਦੇ ਨਵੇਂ ਕੇਸਾਂ ਤੇ ਲਾਗ ਕਰਕੇ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਪਹਿਲਾਂ ਦੇ ਮੁਕਾਬਲੇ ਕੁਝ ਘਟਿਆ ਹੈ। ਮੰਤਰਾਲੇ ਨੇ ਕਿਹਾ ਕਿ ਭਾਵੇਂ ਇਹ ਸ਼ੁਰੂਆਤੀ ਰੁਝਾਨ ਹਨ, ਪਰ ਇਸ ਗੱਲ ਦਾ ਸੰਕੇਤ ਜ਼ਰੂਰ ਹਨ ਕਿ ਮਹਾਮਾਰੀ ਦੀ ਬੇਕਾਬੂ ਹੋਈ ਦੂਜੀ ਲਹਿਰ ਹੁਣ ਮੱਠੀ ਪੈਣ ਲੱਗੀ ਹੈ। ਇਸ ਦੌਰਾਨ ਕੇਂਦਰ ਸਰਕਾਰ ਨੇ ਰਾਜਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਰੋਨਾ ਤੋਂ ਬਚਾਅ ਲਈ ਟੀਕਾਕਰਨ ਦੌਰਾਨ ਉਨ੍ਹਾਂ ਲੋਕਾਂ ਨੂੰ ਤਰਜੀਹ ਦੇਣ ਜਿਨ੍ਹਾਂ ਨੂੰ ਵੈਕਸੀਨ ਦੀ ਦੂਜੀ ਖੁਰਾਕ ਲੱਗਣੀ ਹੈ। ਸਰਕਾਰ ਨੇ ਰਾਜਾਂ ਨੂੰ ਅਜਿਹੇ ਲੋਕਾਂ ਲਈ ਕੇਂਦਰੀ ਪੂਲ ’ਚੋਂ ਮਿਲੀਆਂ ਖੁਰਾਕਾਂ ਦਾ 70 ਫੀਸਦ ਕੋਟਾ ਰਾਖਵਾਂ ਰੱਖਣ ਲਈ ਵੀ ਕਿਹਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਰਾਜਾਂ ਨੂੰ ਵੈਕਸੀਨ ਨਿਰਮਾਤਾਵਾਂ ਨਾਲ ਤਾਲਮੇਲ ਲਈ ਦੋ ਜਾਂ ਤਿੰਨ ਮੈਂਬਰੀ ਕਮੇਟੀ ਬਣਾਉਣ ਦਾ ਵੀ ਸੁਝਾਅ ਦਿੱਤਾ ਹੈ। ਕੇਂਦਰੀ ਸਿਹਤ ਮੰਤਰ-ਾਲੇ ਨੇ ਇਕ ਬਿਆਨ ਵਿੱਚ ਕਿਹਾ ਕਿ ਪੰਜਾਬ, ਕਰਨਾਟਕ, ਕੇਰਲਾ, ਤਾਮਿਲ ਨਾਡੂ ਤੇ ਪੱਛਮੀ ਬੰਗਾਲ ਉਨ੍ਹਾਂ 16 ਰਾਜਾਂ ਵਿੱਚ ਹਨ, ਜਿੱਥੇ ਕਰੋਨਾ ਦੇ ਮਾਮਲੇ ਵਧ ਰਹੇ ਹਨ। ਸਰਕਾਰ ਮੁਤਾਬਕ ਮਹਾਰਾਸ਼ਟਰ,



ਯੂਪੀ, ਦਿੱਲੀ ਤੇ ਛੱਤੀਸਗੜ੍ਹ ਉਨ੍ਹਾਂ 18 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸ਼ੁਮਾਰ ਹਨ, ਜਿੱਥੇ ਕੋਵਿਡ-19 ਦੇ ਨਵੇਂ ਕੇਸ ਰੋਜ਼ਾਨਾ ਘੱਟ ਰਹੇ ਹਨ। 13 ਰਾਜਾਂ ਵਿੱਚ 1 ਲੱਖ ਤੋਂ ਵੱਧ ਕੋਵਿਡ-19 ਦੇ ਸਰਗਰਮ ਕੇਸ ਹਨ ਤੇ 26 ਰਾਜਾਂ ਦੀ ਪਾਜ਼ੇਟਿਵਿਟੀ ਦਰ 15 ਫੀਸਦ ਤੋਂ ਵੱਧ ਹੈ। ਕੇਂਦਰ ਨੇ ਦਾਅਵਾ ਕੀਤਾ ਹੈ ਕਿ ਦੇਸ਼ ਵਿੱਚ ਇਸ ਵੇਲੇ ਕਰੋਨਾ ਦੇ ਕੁੱਲ ਕੇਸਾਂ ਦੇ ਨਾਲ ਇਸ ਵਾਇਰਸ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਕਮੀ ਆਈ ਹੈ। ਮੰਤਰਾਲੇ ਨੇ ਰਾਜਾਂ ਨੂੰ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਘੱਟੋ-ਘੱਟ ਵੈਕਸੀਨਾਂ ਖਰਾਬ ਹੋਣ। ਮੰਤਰਾਲੇ ਨੇ ਬਿਆਨ ਵਿੱਚ ਸਾਫ਼ ਕਰ ਦਿੱਤਾ ਕਿ ਕੌਮੀ ਔਸਤ ਨਾਲੋਂ ਵੱਧ ਵੈਕਸੀਨਾਂ ਖਰਾਬ ਹੋਣ ਦੀ ਸੂਰਤ ’ਚ ਨੁਕਸਾਨ ਨੂੰ ਸਬੰਧਤ ਰਾਜ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਨੂੰ ਅਲਾਟ ਕੀਤੇ ਕੋਟੇ ’ਚ ਐਡਜਸਟ ਕੀਤਾ ਜਾਵੇਗਾ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਨ ਅਤੇ ਕੋਵਿਡ-19 ਦੇ ਟਾਕਰੇ ਲਈ ਤਕਨਾਲੋਜੀ ਤੇ ਡੇਟਾ ਪ੍ਰਬੰਧਨ ਬਾਰੇ ਸਸ਼ੱਕਤ ਸਮੂਹ ਦੇ ਚੇਅਰਮੈਨ ਡਾ. ਆਰ.ਐੱਸ.ਸ਼ਰਮਾ ਨੇ ਕੋਵਿਡ-19 ਟੀਕਾਕਰਨ ਦੀ ਮੌਜੂਦਾ ਸਥਿਤੀ ਬਾਰੇ ਸੂਬੇ ਦੇ ਅਧਿਕਾਰੀਆਂ ਨਾਲ ਕੀਤੀ ਸਮੀਖਿਆ ਮੀਟਿੰਗ ਦੌਰਾਨ ਕਿਹਾ ਕਿ ਕੋਵਿਡ ਵੈਕਸੀਨ ਦੀ ਦੂਜੀ ਖੁਰਾਕ ਨੂੰ ਉਡੀਕ ਰਹੇ ਵੱਡੀ ਗਿਣਤੀ ਲਾਭਪਾਤਰੀਆਂ ਨੂੰ ਤਰਜੀਹ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਆਸੇ ਦੀ ਪੂਰਤੀ ਲਈ ਸੂਬੇ ਕੇਂਦਰੀ ਪੂਲ ’ਚੋਂ ਮਿਲੀਆਂ ਵੈਕਸੀਨਾਂ ’ਚੋਂ 70 ਫੀਸਦ ਨੂੰ ਰਾਖਵਾਂ ਰੱਖ ਸਕਦੀਆਂ ਹਨ। ਜਦੋਂਕਿ ਬਚਦੀ 30 ਫੀਸਦੀ ਵੈਕਸੀਨਾਂ ਪਹਿਲੀ ਖੁਰਾਕ ਲਈ ਰੱਖੀਆਂ ਜਾਣ। ਰਾਜਾਂ ਨੂੰ ਪੂਰੀ ਖੁੱਲ੍ਹ ਹੈ, ਉਹ ਆਪਣੀ ਸਹੂਲਤ ਮੁਤਾਬਕ ਇਸ ਨੂੰ ਵਧਾ ਕੇ 100 ਫੀਸਦ ਵੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਰਾਜਾਂ ਨੂੰ 15 ਤੋਂ 31 ਮਈ ਦੇ ਅਰਸੇ ਲਈ ਅਲਾਟ ਕੀਤੀਆਂ ਜਾਣ ਵਾਲੀਆਂ ਵੈਕਸੀਨਾਂ ਦੀਆਂ ਖੁਰਾਕਾਂ ਬਾਰੇ 14 ਮਈ ਤਕ ਸੂਚਿਤ ਕਰ ਦਿੱਤਾ ਜਾਵੇਗਾ ਤੇ ਸੂਬੇ ਇਸ ਜਾਣਕਾਰੀ ਮੁਤਾਬਕ ਅਗਲੇ 15 ਦਿਨਾਂ ਦੇ ਟੀਕਾਕਰਨ ਪ੍ਰੋਗਰਾਮ ਨੂੰ ਵਿਉਂਤ ਸਕਦੇ ਹਨ। ਨਿੱਜੀ ਵੈਕਸੀਨ ਨਿਰਮਾਤਾਵਾਂ ਦੀ ਰਾਜਾਂ ਵੱਲ ਬਕਾਇਆ ਅਦਾਇਗੀ ਬਾਰੇ ਬਿਆਨ ਵਿੱਚ ਸਿਹਤ ਮੰਤਰਾਲੇ ਨੇ ਰਾਜਾਂ ਨੂੰ ਆਪਣੇ 2 ਜਾਂ ਤਿੰਨ ਸੀਨੀਅਰ ਅਧਿਕਾਰੀਆਂ ਦੀ ਟੀਮ ਗਠਿਤ ਕੀਤੇ ਜਾਣ ਦੀ ਸਲਾਹ ਦਿੱਤੀ ਹੈ, ਜੋ ਅੱਗੇ ਵੈਕਸੀਨ ਨਿਰਮਾਤਾਵਾਂ ਨਾਲ ਨਿਯਮਤ ਆਧਾਰ ’ਤੇ ਤਾਲਮੇਲ ਕਰਕੇ ਸੂਬਾ ਸਰਕਾਰ ਲਈ ਸਪਲਾਈ ਨੂੰ ਯਕੀਨੀ ਬਣਾਉਣਗੇ। ਇਹੀ ਟੀਮ ਅੱਗੇ ਨਿੱਜੀ ਹਸਪਤਾਲਾਂ ਨਾਲ ਤਾਲਮੇਲ ਕਰਕੇ ਟੀਕਿਆਂ ਦੀ ਖਰੀਦ ਵਿੱਚ ਮਦਦ ਕਰੇਗੀ।

# ਮੌਤ ਦਰ ਵਧਣ ਕਾਰਨ ਸ਼ਮਸ਼ਾਨਘਾਟਾਂ ’ਚ ਜਗ੍ਹਾ ਘਟੀ

## ਪ੍ਰਬੰਧਕਾਂ ਨੇ ਸਸਕਾਰ ਦੇ ਅਗਲੇ ਦਿਨ ਅਸਥੀਆਂ ਇਕੱਠੀਆਂ ਕਰਨ ਦੀ ਕੀਤੀ ਅਪੀਲ



**ਅੰਮ੍ਰਿਤਸਰ।** ਕਰੋਨਾ ਕਾਰਨ ਦਿਨੋ-ਦਿਨ ਵਧ ਰਹੀ ਮੌਤ ਦਰ ਕਰਕੇ ਸ਼ਮਸ਼ਾਨਘਾਟਾਂ ਵਿਚ ਜਗ੍ਹਾ ਦੀ ਘਾਟ ਪੇਸ਼ ਆਉਣ ਲੱਗੀ ਹੈ। ਇਸ ਦੌਰਾਨ ਸ਼ਮਸ਼ਾਨਘਾਟਾਂ ਦੇ ਪ੍ਰਬੰਧਕਾਂ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ ਸਸਕਾਰ ਮਗਰੋਂ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਅਸਥੀਆਂ ਇਕੱਠੀਆਂ ਕਰਨ ਦੀ ਅਪੀਲ ਕੀਤੀ ਹੈ। ਜਾਣਕਾਰੀ ਅਨੁਸਾਰ ਅਪਰੈਲ ਵਿਚ 283 ਵਿਅਕਤੀਆਂ ਦੀ ਕਰੋਨਾ ਕਾਰਨ ਮੌਤ ਹੋਈ ਸੀ। ਜਦੋਂਕਿ ਮਈ ਵਿਚ ਹੁਣ ਤੱਕ 177 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਅੰਮ੍ਰਿਤਸਰ ਵਿਚ ਇਸ ਵੇਲੇ ਇੱਕ ਸ਼ਮਸ਼ਾਨਘਾਟ ਦੁਰਗਿਆਣਾ ਮੰਦਰ ਨੇੜੇ ਅਤੇ ਦੂਜਾ ਗੁਰਦੁਆਰਾ ਸ਼ਹੀਦਾਂ ਨੇੜੇ ਹੈ। ਦੁਰਗਿਆਣਾ ਮੰਦਿਰ ਕਮੇਟੀ ਦੇ ਪ੍ਰਧਾਨ ਰਮੇਸ਼ ਸ਼ਰਮਾ ਨੇ ਕਿਹਾ ਕਿ ਇਸ ਵੇਲੇ ਦਿਹਾੜੀ ਵਿੱਚ 40-50 ਲਾਸ਼ਾਂ ਸਸਕਾਰ ਲਈ ਆ ਰਹੀਆਂ ਹਨ। ਇਨ੍ਹਾਂ ਵਿੱਚ 10-12 ਲਾਸ਼ਾਂ ਕਰੋਨਾ ਮਰੀਜ਼ਾਂ ਦੀਆਂ ਹੁੰਦੀਆਂ ਹਨ। ਮੌਜੂਦਾ ਸਥਿਤੀ ਦੇਖਦਿਆਂ 12 ਹੋਰ ਥੜ੍ਹੇ ਬਣਾਏ ਗਏ ਹਨ ਪਰ ਫਿਰ ਵੀ ਜਗ੍ਹਾ ਦੀ ਘਾਟ ਮਹਿਸੂਸ ਹੋ ਰਹੀ ਹੈ। ਉਨ੍ਹਾਂ ਸਸਕਾਰ ਕਰਕੇ ਜਾਂਦੇ ਪਰਿਵਾਰਾਂ ਨੂੰ ਆਖਿਆ ਕਿ ਉਹ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਅਸਥੀਆਂ ਇਕੱਠੀਆਂ ਕਰ ਲੈਣ ਤਾਂ ਜੋ ਇਹ ਥੜ੍ਹੇ ਹੋਰਨਾਂ ਲਾਸ਼ਾਂ ਦੇ ਸਸਕਾਰ ਲਈ ਵਰਤੇ ਜਾ ਸਕਣ। ਇਥੇ ਬਣਿਆ ਅਸਥੀ ਘਰ ਵੀ ਅਸਥੀਆਂ ਨਾਲ ਭਰਿਆ ਹੋਇਆ ਹੈ, ਜਿਸ ਕਰਕੇ ਉਨ੍ਹਾਂ ਲੋਕਾਂ ਨੂੰ ਗ੍ਰਹਿਣ ਤੋਂ ਪਹਿਲਾਂ ਇਥੋਂ ਅਸਥੀਆਂ ਲਿਜਾ ਕੇ ਪ੍ਰਵਾਹ ਕਰਨ ਦੀ ਅਪੀਲ ਕੀਤੀ ਹੈ। ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਨੇੜਲੇ ਸ਼ਮਸ਼ਾਨਘਾਟ ਦੇ ਮੈਨੇਜਰ ਕਿਸ਼ਨ ਗੋਪਾਲ ਨੇ ਦੱਸਿਆ ਕਿ ਇੱਥੇ 47 ਥੜ੍ਹੇ ਹਨ ਪਰ ਸਾਰੇ ਭਰੇ ਰਹਿੰਦੇ ਹਨ। ਰੋਜ਼ਾਨਾ 30 ਤੋਂ ਵਧ ਲਾਸ਼ਾਂ ਸਸਕਾਰ ਲਈ ਆ ਰਹੀਆਂ ਹਨ। ਉਨ੍ਹਾਂ ਥਾਂ ਦੀ ਘਾਟ ਪੂਰੀ ਕਰਨ ਲਈ ਲੋਕਾਂ ਨੂੰ ਸਸਕਾਰ ਮਗਰੋਂ ਅਗਲੇ ਦਿਨ ਹੀ ਅਸਥੀਆਂ ਇਕੱਠੀਆਂ ਕਰਨ ਲਈ ਆਖਿਆ ਹੈ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਸੋਸ਼ਲ ਮੀਡੀਆ ਕੰਪਨੀਆਂ ਦੀ ਇਜਾਰੇਦਾਰੀ ਅਤੇ ਲੋਕ



ਸੰਸਾਰ ਮੀਡੀਆ ਪਲੈਟਫਾਰਮ ਤੇ ਸੋਸ਼ਲ ਮੀਡੀਆ, ਅਰਥਾਤ ਨਵਾਂ ਮੀਡੀਆ ਅੱਜਕੱਲ੍ਹ ਚਰਚਾ ਵਿਚ ਹੈ ਕਿਉਂਕਿ ਹੁਣ ਇਹ ਨਵੀਂ ਮੀਡੀਆ ਤਾਕਤ ਸੰਸਾਰ ਦੀਆਂ ਕਈ ਸਰਕਾਰਾਂ ਨਾਲ ਸਿੱਧੇ ਟਕਰਾਓ ਵਾਲੀ ਹਾਲਤ ਵਿਚ ਹੈ ਜਿਸ ਦੀ ਆਪਣੀ ਅਰਥ-ਵਿਵਸਥਾ ਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਿਲ ਹੈ। ਇਸ ਨੂੰ ਹੁਣ ਐਮਾਜ਼ੋਨ ਤੇ ਮਾਈਕਰੋਸਾਫਟ, ਅਲਫਾਬੈੱਟ ਤੋਂ ਲੈ ਕੇ ਗੂਗਲ, ਨੈੱਟਫਿਲਿਕਸ ਵਰਗੀਆਂ ਵੱਡੀ ਪੂੰਜੀ ਵਾਲੀਆਂ ਕੰਪਨੀਆਂ ਚਲਾ ਰਹੀਆਂ ਹਨ ਜਿਨ੍ਹਾਂ ਦਾ ਬਜਟ ਤੁਹਾਡੀ ਕਲਪਨਾ ਤੋਂ ਵੀ ਕਿਤੇ ਜ਼ਿਆਦਾ ਹੈ। ਮਿਸਾਲ ਦੇ ਤੌਰ ਤੇ ਐਮਾਜ਼ੋਨ ਵਰਗੀ ਈ-ਕਾਮਰਸ ਕੰਪਨੀ ਇਕੱਲੀ ਦਾ ਬਜਟ ਹੀ ਭਾਰਤ ਵਰਗੇ ਦੇਸ਼ ਦੀ ਜੀਡੀਪੀ ਦਾ 2/3 ਹੈ ਤੇ ਮਾਈਕਰੋਸਾਫਟ ਦਾ ਭਾਰਤ ਤੇ ਵੀਅਤਨਾਮ ਵਰਗੇ ਦੇਸ਼ ਦੀ ਕੁੱਲ ਜੀਡੀਪੀ ਤੋਂ ਵੀ ਜ਼ਿਆਦਾ ਹੈ। ਗੂਗਲ ਤੇ ਹੋਰ ਕੰਪਨੀਆਂ ਆਪਣੀਆਂ ਗਤੀਵਿਧੀਆਂ ਨੂੰ ਹੁਣ ਆਪਣੀ ਮਰਜ਼ੀ ਨਾਲ ਚਲਾਉਂਦੀਆਂ ਹਨ। ਸੰਸਾਰ ਦੇ ਕਈ ਦੇਸ਼ਾਂ ਵਿਚ ਸਰਕਾਰਾਂ ਦੀ ਹੁਕਮ ਅਦੂਲੀ ਤੇ ਸਹਿਮਤੀ ਦੀਆਂ ਆਵਾਜ਼ਾਂ ਦਾ ਫ਼ੈਸਲਾ ਇਹ ਖ਼ੁਦ ਕਰ ਰਹੀਆਂ ਹਨ।

ਇਸ ਦੀ ਤਾਜ਼ਾ ਉਦਾਹਰਨ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਦਾ ਟਵਿੱਟਰ ਅਕਾਊਂਟ ਪੱਕੇ ਤੌਰ ਤੇ ਬੰਦ ਕਰ ਦੇਣ ਤੋਂ ਇਲਾਵਾ ਫੇਸਬੁੱਕ ਨੇ ਤਾਂ ਆਸਟਰੇਲੀਆ ਵਰਗੇ ਦੇਸ਼ ਦਾ ਬਾਈਕਾਟ ਹੀ ਕਰ ਦਿੱਤਾ ਹੈ। ਦੁਨੀਆ ਦੇ ਕਈ ਦੇਸ਼ਾਂ ਵਿਚ ਹੁਣ ਇਹ ਸੋਸ਼ਲ ਮੀਡੀਆ ਆਪਣੀ ਮਰਜ਼ੀ ਤੇ ਸਹੂਲਤ ਅਨੁਸਾਰ, ਅਰਥਾਤ ਮੁਨਾਫ਼ੇ ਦਾ ਆਕਾਰ ਦੇਖ ਕੇ ਆਪਣੀਆਂ ਨੀਤੀਆਂ ਬਣਾ ਰਿਹਾ ਹੈ।

ਦੱਖਣੀ ਏਸ਼ਿਆਈ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿਚ ਮਨਮਰਜ਼ੀ ਦੀ ਅਨੁਪਾਤਕ ਦਰ 40 ਪ੍ਰਤੀਸ਼ਤ ਹੈ, ਜਦੋਂਕਿ ਯੂਰੋਪੀਅਨ ਦੇਸ਼ਾਂ ਵਿਚ ਸਿਰਫ਼ 4 ਪ੍ਰਤੀਸ਼ਤ; ਅਰਥਾਤ ਜਿੱਥੋਂ ਇਸ਼ਤਿਹਾਰ ਜ਼ਿਆਦਾ ਮਿਲ ਰਿਹਾ ਹੈ, ਉੱਥੇ ਕੋਈ ਬੰਦਿਸ਼ ਨਹੀਂ ਹੈ ਤੇ ਬਾਕੀ ਥਾਵਾਂ ਤੇ ਕੀ ਪਰੋਸਣਾ ਹੈ, ਇਹ ਫ਼ੈਸਲਾ ਹੁਣ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨਹੀਂ ਸਗੋਂ ਇਹ ਮੀਡੀਆ ਕੰਟਰੋਲ ਕਰ ਰਹੀਆਂ ਕੰਪਨੀਆਂ ਕਰਦੀਆਂ ਹਨ। ਅਜਿਹੀ ਹਾਲਤ ਵਿਚ ਵੱਡਾ ਪ੍ਰਸ਼ਨ ਇਹ ਹੈ ਕਿ ਹੁਣ ਮੀਡੀਆ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਥਾਂ (ਸਪੇਸ) ਕਿਸ ਪਲੈਟਫਾਰਮ ਤੋਂ ਮਿਲੇਗੀ।

ਜਿਨ੍ਹਾਂ ਦੇਸ਼ਾਂ ਵਿਚ ਇਹ ਕੰਪਨੀਆਂ, ਅਰਥਾਤ ਸੋਸ਼ਲ ਮੀਡੀਆ ਸਰਕਾਰ ਪੱਖੀ ਹੋ ਰਿਹਾ ਹੈ, ਉਨ੍ਹਾਂ ਵਿਚ ਭਾਰਤ ਵੀ ਮੁੱਖ ਹੈ। ਇੱਥੇ ਇਸ ਨੇ ਟਵਿੱਟਰ ਤੇ ਇੰਸਟਾਗ੍ਰਾਮ ਤੋਂ ਉਹ ਸਾਰੀਆਂ ਪੋਸਟਾਂ ਹਟਾ ਦਿੱਤੀਆਂ ਜੋ ਪ੍ਰਧਾਨ ਮੰਤਰੀ ਜਾਂ ਸਰਕਾਰ ਦੇ ਖ਼ਿਲਾਫ਼ ਸਨ ਅਤੇ ਕਈ ਸੈਲੇਬ੍ਰੀਟੀਜ਼ ਦੇ ਇੰਸਟਾਗ੍ਰਾਮ, ਫੇਸਬੁੱਕ ਤੇ ਟਵਿੱਟਰ ਅਕਾਊਂਟ ਛੋਟੀ ਜਿਹੀ ਗੱਲ ਜਾਂ ਵਿਰੋਧ ਤੋਂ ਬਾਅਦ ਬੰਦ ਕਰ ਦਿੱਤੇ।

ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਲਈ ਪ੍ਰਾਪਤ ਪਲੈਟਫਾਰਮ ਦੇ ਮਾਮਲੇ ਪੂਰੀ ਦੁਨੀਆ ਵਿਚ ਘਟ ਰਹੇ ਹਨ। ਸੋਸ਼ਲ ਮੀਡੀਆ ਹੀ ਅਜਿਹਾ ਪਲੈਟਫਾਰਮ ਹੈ ਜਿੱਥੇ ਤੁਸੀਂ ਕੁਝ ਵੀ ਪੋਸਟ ਕਰ ਸਕਦੇ ਹੋ ਜਾਂ ਅਸਹਿਮਤੀ ਦੇ ਸੁਰ ਦਿਖਾ ਸਕਦੇ ਹੋ ਪਰ ਹੁਣ ਨਵੀਆਂ ਹਾਲਤਾਂ ਵਿਚ ਇਸ ਉੱਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ।

ਨਵੀਂ ਸੂਚਨਾ ਕ੍ਰਾਂਤੀ ਅਤੇ ਤਕਨੀਕ ਨੇ ਸੰਚਾਰ ਦੇ ਨਵੇਂ ਆਕਾਸ਼ ਤੇ ਦਿਸਹੱਦੇ ਤਿਆਰ ਕੀਤੇ ਹਨ। ਫੇਸਬੁੱਕ, ਇੰਸਟਾਗ੍ਰਾਮ ਤੇ ਵ੍ਹਟਸਐਪ ਤੇ ਇਕ ਕੰਪਨੀ ਦਾ ਕੰਟਰੋਲ ਹੈ। ਨੈੱਟਫਿਲਿਕਸ ਦੀ ਪਹੁੰਚ 92 ਪ੍ਰਤੀਸ਼ਤ ਲੋਕਾਂ ਤਕ ਹੈ ਤੇ ਫੇਸਬੁੱਕ ਦਾ ਕੁੱਲ ਡੇਟਾ ਦੇ 90 ਪ੍ਰਤੀਸ਼ਤ ਉੱਤੇ ਕਬਜ਼ਾ ਹੈ।

ਯੂਟਿਊਬ ਦੀ ਆਪਣੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ (ਗਲੋਬਲ ਟਰੇਡਜ਼ ਅਮਰੀਕਾ ਦੇ ਤੱਥਾਂ ਤੇ ਆਧਾਰਿਤ) ਅਨੁਮਾਨ ਲਗਾਇਆ ਜਾ ਸਕਦਾ ਹੈ ਕਿ 2025 ਤਕ ਹੀ 6400 ਕਰੋੜ ਦੇ ਕਰੀਬ ਡਿਵਾਇਸ ਯੂਟਿਊਬ ਤੇ ਉਪਲੱਬਧ ਹੋ ਜਾਣਗੀਆਂ। ਇਹ ਸਾਰਾ ਅਪਰੇਸ਼ਨ ਆਨਲਾਈਨ ਹੋਵੇਗਾ, ਇਸ ਨੂੰ ਤੇਜ਼ ਗਤੀ ਨਾਲ ਸਰਚ ਕੀਤਾ ਜਾ ਸਕੇਗਾ। ਇਹ ਆਰਥਿਕ ਤੌਰ ਤੇ ਐਨੀਆਂ ਸਮਰੱਥ ਕੰਪਨੀਆਂ ਹੋ ਜਾਣਗੀਆਂ ਕਿ ਪ੍ਰਾਪੇਗੰਡਾ ਜਾਂ ਟੂਲ ਆਫ ਕਮਿਊਨੀਕੇਸ਼ਨ ਲਈ ਸਰਕਾਰਾਂ ਤੋਂ ਆਪਣੀ ਮਰਜ਼ੀ ਅਨੁਸਾਰ ਆਪਣੀਆਂ ਸ਼ਰਤਾਂ ਮੰਨਵਾ ਸਕਦੀਆਂ ਹਨ। ਵੱਡੀ ਗੱਲ ਇਹ ਹੋਵੇਗੀ ਕਿ ਕਨਟੈਂਟ (ਵਿਸ਼ਾ ਵਸਤੂ) ਦੀ ਅਦਾਲਤ ਵੀ ਇਨ੍ਹਾਂ ਦੀ ਆਪਣੀ ਹੋਵੇਗੀ ਜੋ ਅੱਜ ਵੀ ਹੈ। ਇਸ ਸੋਸ਼ਲ ਮੀਡੀਆ ਨੂੰ ਆਪਣੇ ਕੰਟਰੋਲ ਹੇਠ ਰੱਖਣ ਲਈ ਇਹ ਤਕਨੀਕੀ ਕੰਪਨੀਆਂ ਭਵਿੱਖ ਵਿਚ ਉਹ ਸਭ ਕੁਝ ਕੰਟਰੋਲ ਕਰ ਸਕਦੀਆਂ ਹਨ ਜੋ ਅੱਜ ਤੁਹਾਡਾ ਕੁਝ ਛਿਪਿਆ ਜਾਂ ਨਿੱਜੀ ਹੈ ਤੇ ਉਹ ਹੈ ਨਿੱਜਤਾ ਦਾ ਡੇਟਾ। ਅੱਜ ਵੀ ਕਰੋੜਾਂ ਲੋਕਾਂ ਦਾ ਡੇਟਾ ਇਹ ਕੰਪਨੀਆਂ ਆਪਣੇ ਵਪਾਰਕ ਮੁਨਾਫ਼ੇ/ਪ੍ਰਾਪੇਗੰਡਾ ਲਈ ਦੇਸ਼ਾਂ ਦੀਆਂ ਸਰਕਾਰਾਂ ਤੇ ਵਪਾਰਕ ਕੰਪਨੀਆਂ ਨਾਲ ਸਾਂਝਾ ਕਰ ਕੇ ਅਰਬਾਂ ਡਾਲਰ ਤੁਹਾਡੀ ਨਿੱਜੀ ਆਜ਼ਾਦੀ ਵੇਚ ਕੇ ਕਮਾ ਰਹੀਆਂ ਹਨ। ਇਸ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ।

ਭਾਰਤ ਵਰਗੇ ਦੇਸ਼ ਵਿਚ ਪਿਛਲੇ ਦਿਨਾਂ ਤੋਂ ਸੋਸ਼ਲ ਮੀਡੀਆ ਬੇਹੱਦ ਚਰਚਾ ਵਿਚ ਹੈ ਅਤੇ ਪਹਿਲੀ ਨਜ਼ਰੇ 60 ਕਰੋੜ ਡੇਟਾ ਯੂਜ਼ਰ ਇਸ ਪਲੈਟਫਾਰਮ ਤੇ ਹਨ। 2025 ਤਕ ਇਹ 90 ਕਰੋੜ ਹੋਣ ਦੀ ਉਮੀਦ ਕੀਤੀ ਜਾਂਦੀ ਹੈ। 141 ਦੇਸ਼ਾਂ ਵਿਚ ਫੈਲੇ ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟ ਅਤੇ ਇੰਟਰਨੈਸ਼ਨਲ ਪ੍ਰੈੱਸ ਇੰਸਟੀਚਿਊਟ (ਆਈਪੀਆਈ) ਦਾ ਇਹ ਮੰਨਣਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਰਤ ਸਰਕਾਰ ਆਪਣੀ ਮਰਜ਼ੀ ਨਾਲ ਸੋਸ਼ਲ ਮੀਡੀਆ ਨੂੰ ਕੰਟਰੋਲ ਨਾ ਕਰੇ, ਜਿਹੋ ਜਿਹਾ ਕਿਸਾਨ ਅੰਦੋਲਨ ਦੌਰਾਨ ਨਫ਼ਰਤੀ ਭਾਸ਼ਣਾਂ ਤੇ ਟਿੱਪਣੀਆਂ ਨੂੰ ਲੈ ਕੇ ਕੀਤਾ ਜਾ ਰਿਹਾ ਹੈ। 6 ਲੱਖ ਪੱਤਰਕਾਰਾਂ ਦੀ ਵੱਕਾਰੀ ਸੰਸਥਾ ਦੀ ਇਹ ਟਿੱਪਣੀ ਇਸੇ ਲਈ ਜ਼ਿਆਦਾ ਗੰਭੀਰ ਹੈ ਕਿ ਸਾਡੇ ਇੱਥੇ ਲੋਕਤੰਤਰ ਹੈ ਅਤੇ ਅਸੀਂ ਆਪਣੇ ਆਪ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਵੀ ਮੰਨਦੇ ਹਾਂ ਪਰ ਮੁੱਢਲੇ ਮਨੁੱਖੀ ਅਧਿਕਾਰਾਂ, ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਔਰਤਾਂ ਤੇ ਜ਼ੁਲਮ, ਬੱਚਿਆਂ ਤੇ ਬਜ਼ੁਰਗਾਂ ਬਾਰੇ ਸਾਡੀਆਂ ਸਰਕਾਰਾਂ ਤੇ ਸਮਾਜ ਦਾ ਜੋ ਮਾਨਸਿਕ ਤੇ ਸਮਾਜਿਕ ਰਵੱਈਆ ਹੈ, ਉਹ ਬੇਹੱਦ ਤਰਸਯੋਗ ਹੈ। ਇਨ੍ਹਾਂ ਸਾਰੀਆਂ ਘਟਨਾਵਾਂ ਬਾਰੇ ਇਕੋ ਇਕ ਮਾਧਿਅਮ ਸੋਸ਼ਲ ਮੀਡੀਆ ਹੈ ਜਿੱਥੇ ਤੁਸੀਂ ਸਰਕਾਰ ਤੋਂ ਲੈ ਕੇ ਕਿਸੇ ਵੀ ਦੂਸਰੇ ਪੱਖ ਬਾਰੇ ਆਪਣੀ ਰਾਇ ਰੱਖ ਸਕਦੇ ਹੋ, ਅਰਥਾਤ ਆਪਣੀ ਆਵਾਜ਼ ਉਠਾ ਸਕਦੇ ਹੋ। ਅੱਜ ਵੀ ਪੂਰੀ ਦੁਨੀਆ ਵਿਚ ਸੋਸ਼ਲ ਮੀਡੀਆ ਤੇ ਉਠਾਈ ਗਈ ਆਵਾਜ਼ ਕਰੋੜਾਂ ਲੋਕਾਂ ਤੱਕ ਤੀਬਰ ਗਤੀ ਨਾਲ ਪਹੁੰਚਦੀ ਹੈ।

ਧਰਮ ਨਿਰਪੱਖਤਾ ਦਾ ਢੰਡੋਰਾ ਪਿੱਟਣ ਵਾਲਿਆਂ ਵਿਚ ਭਾਰਤ ਵੀ ਉਹ ਮੋਹਰੀ ਦੇਸ਼ ਹੈ ਜਿੱਥੇ ਉਹ ਸਭ ਕੁਝ ਹੁੰਦਾ ਹੈ ਜੋ ਸੰਵਿਧਾਨਕ ਨਹੀਂ ਪਰ ਸੋਸ਼ਲ ਮੀਡੀਆ ਤੇ ਉਠਾਏ ਸਵਾਲਾਂ ਵਿਚੋਂ ਸਿਰਫ਼ 1.09 ਪ੍ਰਤੀਸ਼ਤ ਹੀ ਸਰਕਾਰੇ/ਦਰਬਾਰੇ ਪੁੱਜਦੇ ਹਨ। ਅਸਲ ਵਿਚ ਭਾਰਤ ਵਿਚ ਸ਼ਾਸਨ ਪ੍ਰਣਾਲੀ ਵਿਚ ਇੰਨੀਆਂ ਜ਼ਿਆਦਾ ਤਕਨੀਕੀ ਮੋਰੀਆਂ ਹਨ ਕਿ ਬਚਣ ਦੇ ਰਸਤੇ ਬਹੁਤ ਹਨ ਤੇ ਸੰਵਿਧਾਨ ਚੁੱਪ-ਚਾਪ ਦੇਖਦਾ ਰਹਿ ਜਾਂਦਾ ਹੈ।

ਭਾਰਤੀ ਮੀਡੀਆ ਦੇ ਕਾਫ਼ੀ ਹਿੱਸੇ ਨੂੰ ਪਿਛਲੇ ਤਿੰਨ ਵਰ੍ਹਿਆਂ ਤੋਂ ਗੋਦੀ ਮੀਡੀਆ ਦਾ ਨਾਂ ਦਿੱਤਾ ਗਿਆ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਏਅਰ ਕੰਡੀਸ਼ਨਡ ਕਮਰਿਆਂ, ਦੁਧੀਆ ਲਾਈਟਾਂ ਨਾਲ ਲੈਸ ਇਨ੍ਹਾਂ ਟੀਵੀ, ਰੇਡੀਓ ਤੇ ਸੋਸ਼ਲ ਮੀਡੀਆ ਦੇ ਸਜੇ ਹੋਏ ਸਟੂਡੀਓਜ਼ ਵਿਚ ਬੈਠੇ ਐਂਕਰਾਂ ਦੀ ਆਪਣੀ ਜੀਵਨ-ਸ਼ੈਲੀ ਕਿਸ ਤਰ੍ਹਾਂ ਦੀ ਹੈ ਜਾਂ ਫਿਰ ਗੁਲਾਬੀ ਪੰਨਿਆਂ ਦੀਆਂ ਅਖ਼ਬਾਰਾਂ ਵਿਚ ਅੰਕੜਿਆਂ ਦੀ ਜਾਦੂਗਰੀ ਦਿਖਾਉਣ ਵਾਲੇ ਮਾਹਿਰ ਕਿੱਥੋਂ ਆਉਂਦੇ ਹਨ? ਉਨ੍ਹਾਂ ਦੀ ਭਾਸ਼ਾ ਅਤੇ ਮੁੱਦੇ ਕੀ ਹਨ? ਪਰ ਸੋਸ਼ਲ ਮੀਡੀਆ ਅਜੇ ਵੀ ਦੁਨੀਆ ਦੇ ਗ਼ਰੀਬ ਤੇ ਆਮ ਲੋਕਾਂ ਦੀ ਆਵਾਜ਼ ਤੇ ਮੁੱਦੇ/ਪ੍ਰਸ਼ਨ ਉਠਾਉਣ ਦਾ ਉਹ ਪਲੈਟਫਾਰਮ ਹੈ ਜਿੱਥੇ ਸੜਕ, ਖੇਤ, ਕਿਤੇ ਵੀ ਬੈਠ ਕੇ ਤੁਸੀਂ ਇਕ ਸੈਕਿੰਡ ਵਿਚ ਆਪਣੀ ਸਮੱਸਿਆ ਨੂੰ ਪੂਰੀ ਦੁਨੀਆ ਨਾਲ ਸਾਂਝਾ ਕਰ ਸਕਦੇ ਹੋ। ਭਾਰਤ ਵਿਚ ਇਹ ਤਾਕਤ ਹੋਰ ਵੀ ਜ਼ਿਆਦਾ ਹੈ ਕਿਉਂਕਿ ਇੱਥੇ ਭਾਰਤ ਦੀਆਂ ਖੇਤਰੀ ਬੋਲੀਆਂ ਤੇ ਭਾਸ਼ਾਵਾਂ ਦੀ ਵੰਨ-ਸਵੰਨਤਾ ਹੈ।

ਇਹ ਸੂਚਨਾ ਦੀ ਨਵੀਂ ਤਕਨੀਕੀ ਦੀ ਖੇਡ ਹੈ ਜਿਸ ਤੋਂ ਸਰਕਾਰਾਂ ਅਤੇ ਸੱਤਾ ਕੰਬਦੀਆਂ ਹਨ ਪਰ ਮੁਨਾਫ਼ੇ ਦੀ ਬੁਨਿਆਦ ਤੇ ਟਿਕੀਆਂ ਹੋਈਆਂ ਕੰਪਨੀਆਂ ਦਾ ਇਹ ਸੋਸ਼ਲ ਮੀਡੀਆ ਪਲੈਟਫਾਰਮ ਕਦੋਂ ਤੁਹਾਨੂੰ ਬਲੈਕ ਆਊਟ ਜਾਂ ਆਊਟ ਆਫ ਸਕਰੀਨ ਕਰ ਦੇਵੇ, ਇਸ ਦਾ ਕੁਝ ਪਤਾ ਨਹੀਂ। ਤੁਹਾਡੀ ਦਿਲਚਸਪੀ ਲਈ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸੋਸ਼ਲ ਮੀਡੀਆ ਚਲਾ ਰਹੀਆਂ ਕੰਪਨੀਆਂ ਦੀ ਇਜਾਰੇਦਾਰੀ 92 ਦੇਸ਼ਾਂ ਵਿਚ ਹੋ ਗਈ ਹੈ ਅਤੇ ਉੱਥੇ ਇਹ ਵਿਸ਼ਾ-ਵਸਤੂ ਨੂੰ ਤੋੜ-ਮਰੋੜ ਕੇ ਪੇਸ਼ ਕਰਦੀਆਂ ਹਨ। ਉਂਜ, ਚੀਨ ਅਤੇ ਰੂਸ ਅਜਿਹੇ ਦੇਸ਼ ਹਨ ਜਿੱਥੇ ਅਜੇ ਇਨ੍ਹਾਂ ਕੰਪਨੀਆਂ ਦੀ ਇਜਾਰੇਦਾਰੀ ਦਾ ਜਾਦੂ ਨਹੀਂ ਚੱਲ ਸਕਿਆ ਕਿਉਂਕਿ ਇਨ੍ਹਾਂ ਨੇ ਆਪੋ-ਆਪਣੇ ਦੇਸ਼ਾਂ ਲਈ ਆਪਣੀ ਵਿਵਸਥਾ ਕਰ ਲਈ ਹੈ ਤੇ ਗੂਗਲ/ਫੇਸਬੁੱਕ ਦੀਆਂ ਕਈ ਸੇਵਾਵਾਂ ਤੇ ਪਾਬੰਦੀ ਲਾਈ ਹੋਈ ਹੈ।

ਕੀ ਭਾਰਤ ਵਰਗੇ ਦੇਸ਼ ਵਿਚ ਇਹ ਸੰਭਵ ਹੈ? ਭਾਰਤ ਦੀਆਂ ਕਈ ਕੰਪਨੀਆਂ ਨੇ ਆਪਣੇ ਸਰਚ ਸਾਧਨ ਆਪਣੀਆਂ ਭਾਸ਼ਾਵਾਂ ਵਿਚ ਬਣਾਏ ਹਨ ਪਰ ਉਹ ਓਨੇ ਕਾਮਯਾਬ ਨਹੀਂ ਹੋ ਸਕੇ, ਅਰਥਾਤ ਆਰਥਿਕ ਸਰੋਤਾਂ ਦੀ ਘਾਟ ਨਾਲ ਉਹ ਗਤੀ ਨਾਲ ਚੱਲ ਨਹੀਂ ਸਕੇ ਅਤੇ ਲੋਕਾਂ ਵਿਚ ਪ੍ਰਸਿੱਧ ਨਹੀਂ ਹੋ ਸਕੇ।

ਹੁਣ ਯੂਟਿਊਬ ਨੂੰ ਜਿਸ ਤਰ੍ਹਾਂ ਲੋਕ-ਸੰਚਾਰ ਦੇ ਮਾਧਿਅਮ ਦਾ ਸਾਧਨ ਮੰਨਿਆ ਜਾ ਰਿਹਾ ਹੈ, ਉਸੇ ਤਰ੍ਹਾਂ ਯੂਰੋਪੀਅਨ ਦੇਸ਼ਾਂ, ਵਿਸ਼ੇਸ਼ ਕਰ ਕੇ ਪੱਛਮੀ ਦੇਸ਼ਾਂ ਵਿਚ ਨਵੇਂ ਮੀਡੀਆ ਦੀ ਪਹੁੰਚ ਵਿਚ ਪੋਡਕਾਸਟ ਦੀ ਹਾਜ਼ਰੀ ਵੀ ਬੇਹੱਦ ਮਹੱਤਵਪੂਰਨ ਹੋ ਗਈ ਹੈ। ਇਸ ਤੋਂ ਬਿਨਾਂ ਸੰਸਾਰ ਦੀਆਂ ਸੈਂਕੜੇ ਭਾਸ਼ਾਵਾਂ ਵਿਚ ਪ੍ਰਸਾਰਿਤ ਤੇ ਬ੍ਰਾਡਕਾਸਟ ਹੋ ਰਿਹਾ ਸੋਸ਼ਲ ਮੀਡੀਆ ਕਨਟੈਂਟ ਅੱਜ ਲੋਕਾਂ ਦੀ ਉਤਸੁਕਤਾ ਦਾ ਕਾਰਨ ਹੈ। ਸੰਸਾਰ ਅਤੇ ਮਾਨਵ ਜਾਤੀ ਦਾ ਕੋਈ ਵੀ ਅਜਿਹਾ ਵਿਸ਼ਾ ਨਹੀਂ ਹੈ ਜੋ ਸੋਸ਼ਲ ਮੀਡੀਆ ਤੇ ਉਪਲੱਬਧ ਨਾ ਹੋਵੇ।

ਸੋਸ਼ਲ ਮੀਡੀਆ ਨੂੰ ਤਤਕਾਲੀ ਸੂਚਨਾ ਦੇ ਲੈਣ-ਦੇਣ ਦੇ ਵੱਡੇ ਮਾਧਿਅਮ ਵਜੋਂ ਜਾਣਿਆ ਜਾਂਦਾ ਹੈ ਜਿਸ ਦੀ ਵਰਤਮਾਨ ਪਹੁੰਚ ਹੁਣ ਤਾਂ ਦੂਰ-ਦਰਾਜ ਰਹਿ ਰਹੇ ਲੋਕਾਂ ਤੱਕ ਹੈ। ਭਾਰਤ ਵਿਚ ਇਹ ਬੜੀ ਤੇਜ਼ੀ ਨਾਲ ਵਧ ਰਹੀ ਹੈ। ਇਨ੍ਹਾਂ ਦੀਆਂ ਮੂਲ ਸਰੋਤ ਕੰਪਨੀਆਂ ਦਾ ਬਜਟ ਕਈ ਦੇਸ਼ਾਂ ਦੇ ਬਜਟ ਤੋਂ ਜ਼ਿਆਦਾ ਹੈ। ਹੁਣ ਪ੍ਰਸ਼ਨ ਇਹ ਹੈ ਕਿ ਅਜਿਹੀ ਹਾਲਤ ਵਿਚ ਉਹ ਸਰਕਾਰਾਂ/ਲੋਕਾਂ ਉੱਤੇ ਆਪਣੀ ਮਨਮਾਨੀ ਥੋਪ ਸਕਦੀਆਂ ਹਨ, ਕਿਉਂਕਿ ਹੁਣ ਇਹ ਮੀਡੀਆ ਪਲੈਟਫਾਰਮ ਵੱਡੇ ਆਰਥਿਕ ਖਪਤ/ਸੂਚਨਾ ਬਾਜ਼ਾਰ ਦੇ ਰੂਪ ਵਿਚ ਤਬਦੀਲ ਹੋ ਗਿਆ ਹੈ। ਬਿਲੀਅਨ ਡਾਲਰ ਦੀ ਇਜਾਰੇਦਾਰੀ ਕਿੰਨੀ ਲੋਕ ਪੱਖੀ ਹੁੰਗਾਰਾ ਦੇਵੇਗੀ, ਇਹ ਆਉਣ ਵਾਲੇ ਸਮੇਂ ਵਿਚ ਤੈਅ ਹੋਵੇਗਾ ਕਿ ਭਾਰਤ ਵਰਗੇ ਦੇਸ਼ ਵਿਚ ਇਸ ਮੀਡੀਆ ਦੀ ਆਜ਼ਾਦੀ ਕਿਵੇਂ ਤੇ ਕਿੰਨੀ ਦੇਰ ਠਹਿਰ ਸਕੇਗੀ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸੋਸ਼ਲ ਮੀਡੀਆ ਸਰਕਾਰ ਪੱਖੀ ਪ੍ਰਾਪੇਗੰਡੇ ਦਾ ਹਥਿਆਰ ਬਣੇਗਾ ਜਾਂ ਫਿਰ ਲੋਕ ਆਵਾਜ਼ ਦੇ ਪ੍ਰਗਟਾਵੇ ਦਾ ਸੰਦ ਜਾਂ ਕਾਰਪੋਰੇਟ ਕੰਪਨੀਆਂ ਦੇ ਹਿੱਤਾਂ ਦੀ ਰਖਵਾਲੀ।

ਸੱਚਮੁਚ ਸੋਸ਼ਲ ਮੀਡੀਆ ਅੱਜ ਬੜੇ ਦਿਲਚਸਪ ਮੋੜ ਤੇ ਖੜ੍ਹਾ ਹੈ ਅਤੇ ਸਮਾਜ ਪ੍ਰਤੀ ਸੰਵੇਦਨਾ ਦੇ ਰੁਖ਼ ਦੇ ਬਦਲਦੇ ਪ੍ਰਸ਼ਨਾਂ ਨੂੰ ਨਿਹਾਰ ਰਿਹਾ ਹੈ।

**ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ**
**ਸੰਪਰਕ: 94787-30156**

# ਕਰੋਨਾ ਦੀ ਦੂਸਰੀ ਲਹਿਰ: ਅਸਲੀ ਤਸਵੀਰ ਤੇ .ਗਲਤ ਧਾਰਨਾਵਾਂ



ਜਨਵਰੀ ਦੀ ਸ਼ੁਰੂਆਤ 'ਚ, ਦੇਸ਼ ਭਰ ਵਿੱਚ ਕੋਵਿਡ ਦੇ ਹਾਲਾਤ ਵਿੱਚ ਕਾਫ਼ੀ ਸੁਧਾਰ ਹੋਇਆ ਸੀ ਤੇ ਰੋਜ਼ਾਨਾ ਨਵੇਂ ਮਾਮਲੇ ਲਗਾਤਾਰ ਘਟ ਰਹੇ ਸਨ। ਭਾਵੇਂ, ਕੇਰਲ 'ਚ ਇਹ ਸੰਕ੍ਰਮਣ ਫੈਲਣ 'ਚ ਵਾਧਾ ਹੋਣ ਲਗਿਆ ਸੀ ਤੇ ਰੋਜ਼ਾਨਾ ਲਗਭਗ ਇੱਕ-ਤਿਹਾਈ ਨਵੇਂ ਮਾਮਲੇ ਇਸੇ ਰਾਜ ਤੋਂ ਆਉਣ ਲਗੇ ਸਨ। 6 ਜਨਵਰੀ ਨੂੰ, ਕੇਂਦਰੀ ਸਿਹਤ ਸਕੱਤਰ ਨੇ ਰਾਜ ਸਰਕਾਰ ਨੂੰ ਚਿੱਠੀ ਲਿਖੀ ਅਤੇ ਉਨ੍ਹਾਂ ਨੂੰ ਤੁਰੰਤ ਕਦਮ ਚੁੱਕਣ ਦੀ ਅਪੀਲ ਕੀਤੀ। ਅਗਲੇ ਹੀ ਦਿਨ, ਇੱਕ ਉੱਚ-ਪੱਧਰੀ ਕੇਂਦਰੀ ਟੀਮ ਨੂੰ ਰਾਜ ਦੇ ਕੋਵਿਡ ਪ੍ਰਬੰਧਨ ਦੀਆਂ ਕੋਸ਼ਿਸ਼ਾਂ ਵਿੱਚ ਸਹਿਯੋਗ ਲਈ ਭੇਜਿਆ ਗਿਆ। ਇਹ ਉਨ੍ਹਾਂ ਕਈ ਉਦਾਹਰਣਾਂ ਵਿੱਚੋਂ ਇੱਕ ਹੈ, ਜੋ ਦੇਸ਼ ਭਰ 'ਚ ਕੋਵਿਡ ਦੀ ਸੰਕ੍ਰਮਣ ਦੇ ਮਾਮਲੇ ਵਧਣ 'ਤੇ ਕੇਂਦਰ ਸਰਕਾਰ ਦੇ ਵਿਆਪਕ ਨਿਗਰਾਨੀ ਦੀਆਂ ਕੋਸ਼ਿਸ਼ਾਂ ਤੇ ਛੇਤੀ ਪ੍ਰਤੀਕਿਰਿਆ ਨੂੰ ਪ੍ਰਦਰਸ਼ਿਤ ਕਰਦਾ ਹੈ।

ਮੈਂ ਇਹ ਗੱਲ ਯਾਦ ਕਰ ਰਿਹਾ ਹਾਂ ਕਿਉਂਕਿ ਇੱਕ ਮਿੱਥ ਫੈਲਾਈ ਜਾ ਰਹੀ ਹੈ ਕਿ ਕੇਂਦਰ ਸਰਕਾਰ ਨੇ ਪਹਿਲੀ ਲਹਿਰ ਤੋਂ ਬਾਅਦ ਕੋਵਿਡ ਪ੍ਰਬੰਧਨ ਬੰਦ ਕਰ ਦਿੱਤਾ ਤੇ ਪਿਛਲੇ ਕੁਝ ਮਹੀਨਿਆਂ ਤੋਂ ਇਸ ਨੂੰ ਪੂਰੀ ਤਰ੍ਹਾਂ ਰਾਜਾਂ 'ਤੇ ਛੱਡ ਦਿੱਤਾ। ਸਚਾਈ ਤੋਂ ਵਧ ਕੇ ਕੁਝ ਨਹੀਂ ਹੋ ਸਕਦਾ। ਜਨਤਕ ਸਿਹਤ ਰਾਜ ਦਾ ਵਿਸ਼ਾ ਹੋਣ ਦੇ ਬਾਵਜੂਦ ਕੋਵਿਡ ਪ੍ਰਬੰਧਨ ਵਿੱਚ ਸਰਕਾਰ ਕਾਫ਼ੀ ਸਰਗਰਮ ਰਹੀ ਹੈ ਕਿਉਂਕਿ ਮਹਾਮਾਰੀ 'ਚ, ਰਾਸ਼ਟਰੀ ਪੱਧਰ ਉੱਤੇ ਤਾਲਮੇਲ ਤੇ ਵਾਜਬ ਵਸੀਲਿਆਂ ਦੀ ਜ਼ਰੂਰਤ ਹੁੰਦੀ ਹੈ। ਕੇਂਦਰ ਲਗਾਤਾਰ ਇਸ ਮੋਰਚੇ 'ਤੇ ਅਗਵਾਈ ਕਰ ਰਿਹਾ ਹੈ ਅਤੇ ਰਾਜ ਸਰਕਾਰਾਂ ਨੂੰ ਸਹਿਯੋਗ ਤੇ ਮਾਰਗ-ਦਰਸ਼ਨ ਪ੍ਰਦਾਨ ਕਰ ਰਿਹਾ ਹੈ। ਫ਼ਰਵਰੀ 2020 ਦੇ ਬਾਅਦ ਤੋਂ, ਕੇਂਦਰੀ ਸਿਹਤ ਮੰਤਰਾਲਾ ਮਾਮਲਿਆਂ ਰੁਝਾਨਾਂ ਦੀ ਨਿਗਰਾਨੀ, ਰਾਜਾਂ ਦੀਆਂ ਤਿਆਰੀਆਂ ਦਾ ਮੁੱਲਾਂਕਣ, ਤਕਨੀਕੀ ਮੁਹਾਰਤ ਪ੍ਰਦਾਨ ਕਰਨਾ ਤੇ ਰਾਜ ਤੇ ਜ਼ਿਲ੍ਹਾ ਪੱਧਰ ਦੀ ਪ੍ਰਤੀਕਿਰਿਆ ਰਣਨੀਤੀਆਂ ਨੂੰ ਤਿਆਰ ਕਰਨ 'ਚ ਮਦਦ ਕਰ ਰਿਹਾ ਹੈ।

ਕੇਂਦਰ ਸਰਕਾਰ ਦਾ ਕੋਵਿਡ ਪ੍ਰਬੰਧ ਕੇਵਲ ਨਵੀਂ ਦਿੱਲੀ ਤੋਂ ਸੁਝਾਵਾਂ ਤੇ ਦਿਸ਼ਾ-ਨਿਰਦੇਸ਼ ਜਾਰੀ ਕਰਨ ਤੱਕ ਹੀ ਸੀਮਤ ਨਹੀਂ ਹੈ। ਕਈ ਮੌਕਿਆਂ 'ਤੇ, ਕੇਂਦਰ ਨੇ ਉੱਚ-ਪੱਧਰੀ ਨਿਗਰਾਨੀ ਦਲ ਤੈਨਾਤ ਕੀਤੇ ਹਨ, ਜੋ ਰਾਜਾਂ ਦੀਆਂ ਤਿਆਰੀਆਂ ਦਾ ਮੁੱਲਾਂਕਣ ਕਰਦੇ ਹਨ ਤੇ ਕੰਟਰੋਲ ਅਤੇ ਕੰਟੇਨਮੈਂਟ ਪ੍ਰਬੰਧਾਂ 'ਚ ਉਨ੍ਹਾਂ ਦਾ ਸਹਿਯੋਗ ਕਰਦੇ ਹਨ। ਸਤੰਬਰ 2020 ਤੋਂ ਕੇਂਦਰ ਸਰਕਾਰ ਦੇ ਅਧਿਕਾਰੀਆਂ ਤੇ ਸਿਹਤ ਮਾਹਿਰਾਂ ਵਾਲੀ 75 ਤੋਂ ਵੱਧ ਉੱਚ-ਪੱਧਰੀ ਟੀਮਾਂ ਨੂੰ ਵਿਭਿੰਨ ਰਾਜਾਂ ਵਿੱਚ ਤੈਨਾਤ ਕੀਤਾ ਜਾ ਚੁੱਕਾ ਹੈ। ਇਨ੍ਹਾਂ ਟੀਮਾਂ ਤੋਂ ਮਿਲੀ ਫ਼ੀਡਬੈਕ ਨੇ ਕੇਂਦਰ ਅਤੇ ਰਾਜ ਵਿਚਾਲੇ ਸੂਚਨਾ ਦਾ ਅਸੰਤੁਲਨ ਘੱਟ ਕੀਤਾ ਅਤੇ ਰਾਜਾਂ ਦੀਆਂ ਤਿਆਰੀਆਂ ਤੇ ਪ੍ਰਤੀਕਿਰਿਆ ਰਣਨੀਤੀਆਂ 'ਚ ਪ੍ਰਮੁੱਖ ਕਮੀਆਂ ਦੀ ਪਹਿਚਾਣ ਕਰਨ 'ਚ ਮਦਦ ਕੀਤੀ।

ਨਵੇਂ ਮਾਮਲਿਆਂ 'ਚ ਜਦੋਂ ਵਾਧਾ ਸ਼ੁਰੂ ਹੋਇਆ, ਤਾਂ ਕੀ ਕੇਂਦਰ ਸਰਕਾਰ ਨੇ ਮੌਜੂਦਾ ਲਹਿਰ ਨੂੰ ਨਜ਼ਰਅੰਦਾਜ਼ ਕੀਤਾ? ਕੇਂਦਰ ਸਰਕਾਰ ਦੇ ਸ਼ੁਰੂਆਤੀ ਦਖ਼ਲਾਂ ਦੀ ਸਮਾਂ-ਮਿਆਦ ਤੋਂ ਸਚਾਈ ਦਾ ਪਤਾ ਚਲਦਾ ਹੈ।

21 ਫ਼ਰਵਰੀ ਨੂੰ ਜਦੋਂ ਰੋਜ਼ਾਨਾ ਮਾਮਲੇ 13 ਹਜ਼ਾਰ ਤੋਂ ਘੱਟ ਸਨ, ਕੇਂਦਰੀ ਸਿਹਤ ਮੰਤਰਾਲੇ ਨੇ ਰੁਝਾਨਾਂ 'ਚ ਸਪਸ਼ਟ ਅੰਤਰ-ਰਾਜ ਪਰਿਵਰਤਨਾਂ ਉੱਤੇ ਗ਼ੌਰ ਕੀਤਾ। ਇਸ ਦੇ ਤੁਰੰਤ ਬਾਅਦ ਛੱਤੀਸਗੜ੍ਹ, ਕੇਰਲ ਅਤੇ ਮਹਾਰਾਸ਼ਟਰ ਜਿਹੇ ਰਾਜਾਂ ਨੂੰ ਇੱਕ ਚਿੱਠੀ ਭੇਜੀ ਗਈ, ਜਿੱਥੇ ਮਾਮਲਿਆਂ 'ਚ ਵਾਧਾ ਦੇਖਿਆ ਜਾ ਰਿਹਾ ਸੀ। ਨਿਗਰਾਨੀ ਤੇ ਰਾਜ ਸਰਕਾਰਾਂ ਦੀ ਮਦ ਨਾਲ 24 ਫ਼ਰਵਰੀ ਨੂੰ ਸੱਤ ਰਾਜਾਂ ਲਈ ਉੱਚ-ਪੱਧਰੀ ਕੇਂਦਰੀ ਟੀਮਾਂ ਦਾ ਐਲਾਨ ਕੀਤਾ ਗਿਆ, ਜਿਸ ਵਿੱਚ ਮਹਾਰਾਸ਼ਟਰ, ਕੇਰਲ, ਛੱਤੀਸਗੜ੍ਹ, ਮੱਧ ਪ੍ਰਦੇਸ਼, ਗੁਜਰਾਤ, ਪੰਜਾਬ, ਕਰਨਾਟਕ, ਤਮਿਲ ਨਾਡੂ, ਪੱਛਮ ਬੰਗਾਲ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਤੇ ਕਸ਼ਮੀਰ ਸ਼ਾਮਲ ਹਨ।

ਮਾਰਚ ਦੌਰਾਨ ਕੇਂਦਰ ਲਗਾਤਾਰ ਇਨ੍ਹਾਂ ਰਾਜਾਂ ਵਿੱਚ ਛੂਤ ਦੇ ਪਾਸਾਰ ਦੀ ਸਰਗਰਮੀ ਨਾਲ ਨਿਗਰਾਨੀ ਕਰ ਰਿਹਾ ਸੀ, ਰਾਜ ਸਰਕਾਰਾਂ ਨਾਲ ਮਿਲ ਕੇ ਕੰਮ ਕਰ ਰਿਹਾ ਸੀ, ਉਨ੍ਹਾਂ ਦੇ ਪ੍ਰਤੀਕਿਰਿਆ ਪ੍ਰਬੰਧਾਂ ਦੀ ਸਮੀਖਿਆ ਦੇ ਨਾਲ ਹੀ ਕੇਂਦਰੀ ਟੀਮਾਂ ਵੱਲੋਂ ਤਿਆਰ ਕੀਤੀਆਂ ਗਈਆਂ ਰਿਪੋਰਟਾਂ ਦੀ ਪਾਲਣਾ ਯਕੀਨੀ ਬਣਾ ਰਿਹਾ ਸੀ। ਜੇ ਇਨ੍ਹਾਂ ਰਾਜਾਂ ਨੇ ਕੇਂਦਰ ਸਰਕਾਰ ਦੀਆਂ ਮੁਢਲੀਆਂ ਚੇਤਾਵਨੀਆਂ ਤੇ ਪ੍ਰਤੀਕਿਰਿਆ ਨੂੰ ਵਧੇਰੇ ਗੰਭੀਰਤਾ ਨਾਲ ਲਿਆ ਹੁੰਦਾ, ਤਾਂ ਮਾਮਲਿਆਂ 'ਚ ਮੌਜੂਦਾ ਉਛਾਲ ਇੰਨਾ ਭਿਆਨਕ ਨਾ ਹੁੰਦਾ।

ਜਦੋਂ ਕੇਂਦਰ ਸਰਕਾਰ ਕੋਵਿਡ ਉੱਤੇ ਕਾਬੂ ਪਾਉਣ ਲਈ ਠੋਸ ਕੋਸ਼ਿਸ਼ ਕਰ ਰਹੀ ਸੀ, ਵਿਰੋਧੀ ਧਿਰ ਦੇ ਆਗੂ ਸਦਾ ਵਾਂਗ ਰਾਜਨੀਤੀ ਜਾਰੀ ਰੱਖ ਰਹੇ ਸਨ। ਊਧਵ ਠਾਕਰੇ ਦਾ ਪੂਰਾ ਧਿਆਨ ਸਨਸਨੀਖ਼ੇਜ਼ 'ਮਹਾ-ਵਸੂਲੀ' ਰੈਕੇਟ ਨਾਲ ਨਿਪਟਣ 'ਤੇ ਸੀ, ਜੋ ਉਨ੍ਹਾਂ ਦੀ ਨੱਕ ਹੇਠਾਂ ਚਲ ਰਿਹਾ ਸੀ। ਇਸ ਮਿਆਦ 'ਚ ਕਾਂਗਰਸ ਲੀਡਰਸ਼ਿਪ, ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਵਾਡਰਾ ਨੇ ਕਿਸ ਤਰ੍ਹਾਂ ਦਾ ਵਿਹਾਰ ਕੀਤਾ, ਇਸ ਨੂੰ ਵਿਸਤਾਰ ਨਾਲ ਦੱਸਣ ਦੀ ਕੋਈ ਜ਼ਰੂਰਤ ਨਹੀਂ ਹੈ। ਛੱਤੀਸਗੜ੍ਹ ਦੇ ਮੁੱਖ ਮੰਤਰੀ ਦਾ ਟੀਕਾਕਰਣ ਨੂੰ ਲੈ ਕੇ ਰਵੱਈਆ ਤੇ ਰਾਜ ਤੋਂ ਲੰਬੇ ਸਮੇਂ ਤੱਕ ਗ਼ੈਰ-ਮੌਜੂਦਗੀ ਨੂੰ ਸਭ ਚੰਗੀ ਤਰ੍ਹਾਂ ਜਾਣਦੇ ਹਨ। ਇਸ ਤੋਂ ਇਲਾਵਾ, ਕੁਝ ਵਿਰੋਧੀ ਧਿਰ ਵੱਲੋਂ ਸ਼ਾਸਿਤ ਰਾਜਾਂ ਨੇ ਆਪਣੀਆਂ ਕਥਿਤ ਕੋਵਿਡ ਪ੍ਰਬੰਧਨ ਕੋਸ਼ਿਸ਼ਾਂ ਬਾਰੇ ਇਸ਼ਤਿਹਾਰਾਂ ਤੇ ਪ੍ਰਚਾਰ ਉੱਤੇ ਸਰਕਾਰੀ ਖ਼ਜ਼ਾਨੇ ਤੋਂ ਕਰੋੜਾਂ ਖ਼ਰਚ ਕੀਤੇ।

ਸਰਕਾਰ ਦੁਆਰਾ ਸਮੇਂ ਤੋਂ ਪਹਿਲਾਂ ਜਿੱਤ ਦੀ ਖ਼ੁਸ਼ੀ ਨੂੰ ਲੈ ਕੇ ਕੁਝ ਲੋਕਾਂ ਵੱਲੋਂ ਗੁੰਮਰਾਹ ਕਰਨ ਵਾਲੀ ਆਲੋਚਨਾ ਕੀਤੀ ਜਾ ਰਹੀ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 17 ਮਾਰਚ ਨੂੰ ਆਯੋਜਿਤ ਇੱਕ ਬੈਠਕ ਵਿੱਚ ਮੁੱਖ ਮੰਤਰੀਆਂ ਨੂੰ ਜੋ ਕਿਹਾ ਸੀ, ਉਸ ਨੂੰ ਦੁਹਰਾਉਣ ਦੀ ਜ਼ਰੂਰਤ ਹੈ: 'ਦੁਨੀਆ ਦੇ ਜ਼ਿਆਦਾਤਰ ਕੋਰੋਨਾ ਪ੍ਰਭਾਵਿਤ ਦੇਸ਼ਾਂ ਨੇ ਕੋਰੋਨਾ ਦੀਆਂ ਕਈ ਲਹਿਰਾਂ ਨੂੰ ਝੱਲਿਆ ਹੈ। ਸਾਡੇ ਦੇਸ਼ ਵਿੱਚ ਵੀ, ਗਿਰਾਵਟ ਤੋਂ ਬਾਅਦ ਕੁਝ ਰਾਜਾਂ 'ਚ ਮਾਮਲਿਆਂ ਵਿੱਚ ਅਚਾਨਕ ਵਾਧਾ ਹੋਇਆ ਹੈ... ਅਸੀਂ ਇਹ ਵੀ ਦੇਖਿਆ ਹੈ ਕਿ ਮਹਾਰਾਸ਼ਟਰ ਤੇ ਐੱਮਪੀ 'ਚ ਪਾਜ਼ਿਟਿਵਿਟੀ ਰੇਟ ਕਾਫ਼ੀ ਜ਼ਿਆਦਾ ਹੈ ਤੇ ਮਾਮਲਿਆਂ 'ਚ ਵੀ ਵਾਧਾ ਹੋਇਆ ਹੈ... ਇਸ ਵੇਲੇ, ਕਈ ਖੇਤਰਾਂ ਤੇ ਜ਼ਿਲ੍ਹਿਆਂ 'ਚ ਮਾਮਲੇ ਵਧ ਰਹੇ ਹਨ, ਜੋ ਹੁਣ ਤੱਕ ਅਪ੍ਰਭਾਵਿਤ ਸਨ। ਇੱਕ ਤਰ੍ਹਾਂ ਨਾਲ, ਉਹ ਸੁਰੱਖਿਅਤ ਖੇਤਰ ਸਨ ਪਰ ਹੁਣ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਪਿਛਲੇ ਕੁਝ ਹਫ਼ਤਿਆਂ 'ਚ ਇਹ ਵਾਧਾ ਦੇਸ਼ ਦੇ 70 ਜ਼ਿਲ੍ਹਿਆਂ 'ਚ 150 ਫ਼ੀਸਦੀ ਤੋਂ ਵੱਧ ਹੈ। ਜੇ ਅਸੀਂ ਮਹਾਮਾਰੀ ਨੂੰ ਹੁਣ ਤੱਕ ਨਹੀਂ ਰੋਕ ਸਕੇ, ਤਾਂ ਇਹ ਦੇਸ਼ਵਿਆਪੀ ਕਹਿਰ ਵੱਲ ਵਧ ਸਕਦਾ ਹੈ। ਸਾਨੂੰ ਕੋਰੋਨਾ ਦੀ ਇਸ ਉੱਭਰਦੀ 'ਦੂਸਰੀ ਪੀਕ' ਨੂੰ ਤੁਰੰਤ ਰੋਕਣਾ ਹੋਵੇਗਾ। ਸਾਨੂੰ ਤੇਜ਼-ਰਫ਼ਤਾਰ ਤੇ ਨਿਰਣਾਇਕ ਕਦਮ ਚੁੱਕਣੇ ਹੋਣਗੇ। ਮੈਨੂੰ ਲਗਦਾ ਹੈ ਕਿ ਹੁਣ ਇਹ ਜ਼ਰੂਰੀ ਹੈ ਕਿ ਸਥਾਨਕ ਪੱਧਰ ਉੱਤੇ ਸ਼ਾਸਨ ਵਿੱਚ ਔਖਿਆਈਆਂ ਉੱਤੇ ਗ਼ੌਰ ਕੀਤਾ ਜਾਵੇ, ਉਨ੍ਹਾਂ ਦੀ ਸਮੀਖਿਆ ਕੀਤੀ ਜਾਵੇ ਤੇ ਉਨ੍ਹਾਂ ਦਾ ਸਮਾਧਾਨ ਕੀਤਾ ਜਾਵੇ। ਕੋਰੋਨਾ ਦੇ ਖ਼ਿਲਾਫ਼ ਲੜਾਈ ਵਿੱਚ, ਸਾਡਾ ਆਤਮਵਿਸ਼ਵਾਸ ਅਤਿ-ਆਤਮਵਿਸ਼ਵਾਸ ਨਹੀਂ ਬਣਨਾ ਚਾਹੀਦਾ ਤੇ ਸਾਡੀ ਸਫ਼ਲਤਾ ਨੂੰ ਲਾਪਰਵਾਹੀ 'ਚ ਨਹੀਂ ਬਦਲਣਾ ਚਾਹੀਦਾ।'

ਕੀ ਇਹ ਸ਼ਬਦ ਉਸ ਵਿਅਕਤੀ ਦੇ ਲਗਦੇ ਹਨ, ਜਿਸ ਨੇ ਜਿੱਤ ਦਾ ਐਲਾਨ ਕੀਤਾ ਹੈ ਤੇ ਉਸ ਨੂੰ ਖ਼ਤਰੇ ਦਾ ਅਹਿਸਾਸ ਨਹੀਂ ਹੈ!

ਮੌਜੂਦਾ ਲਹਿਰ ਦੇ ਖ਼ਦਸ਼ੇ ਕਾਰਨ ਕੇਂਦਰ ਨੇ ਸਭ ਤੋਂ ਵੱਧ ਪ੍ਰਭਾਵਿਤ ਰਾਜਾਂ ਤੇ ਜ਼ਿਲ੍ਹਿਆਂ 'ਚ ਵਿਸ਼ੇਸ਼ ਦਲ ਭੇਜੇ। ਅਪਰੈਲ 'ਚ, ਦੇਸ਼ ਭਰ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ 'ਚ 50 ਤੋਂ ਵੱਧ ਟੀਮਾਂ ਨੂੰ ਤਾਇਨਾਤ ਕੀਤਾ ਗਿਆ ਸੀ। ਇਨ੍ਹਾਂ ਟੀਮਾਂ ਨੇ ਰਾਜ ਸਰਕਾਰਾਂ ਨੂੰ ਰੋਕਥਾਮ ਤੇ ਨਿਗਰਾਨੀ ਉਪਾਵਾਂ ਵਿੱਚ ਮਦਦ ਕੀਤੀ। ਇਸ ਤੋਂ ਇਲਾਵਾ ਮਾਰਚ ਦੇ ਅੰਤ 'ਚ ਜਿਵੇਂ-ਜਿਵੇਂ ਮਾਮਲੇ ਵਧਣ ਲਗੇ, ਰਾਜਾਂ ਨੂੰ ਜ਼ਿਲ੍ਹਾ-ਪੱਧਰੀ ਰਣਨੀਤੀਆਂ ਤਿਆਰ ਕਰਨੀਆਂ ਪਈਆਂ। ਕੇਂਦਰ ਸਰਕਾਰ ਦੇ ਅਧਿਕਾਰੀਆਂ ਨੈ 27 ਮਾਰਚ ਅਤੇ 15 ਅਪ੍ਰੈਲ ਦੇ ਦਰਮਿਆਨ ਲਗਪਗ 200 ਹਾਈ ਫ਼ੋਕਸ ਜ਼ਿਲ੍ਹਿਆਂ ਦੀਆਂ ਕਾਰਜ-ਯੋਜਨਾਵਾਂ ਦੀ ਸਮੀਖਿਆ ਕੀਤੀ।

ਚੁਣੌਤੀਆਂ ਵਾਰ-ਵਾਰ ਸਾਹਮਣੇ ਆਉਂਦੀਆਂ ਹਨ, ਅਜਿਹੇ 'ਚ ਕੇਂਦਰ ਨੇ ਨਾਗਰਿਕਾਂ ਦੇ ਜੀਵਨ ਦੀ ਸੁਰੱਖਿਆ ਲਈ ਇੱਕ ਬਹੁ-ਆਯਾਮੀ ਦ੍ਰਿਸ਼ਟੀਕੋਣ ਅਪਣਾਇਆ। ਟੀਕਾਕਰਣ ਮੁਹਿੰਮ ਦੇ ਪਹਿਲੇ ਗੇੜ 'ਚ ਹੈਲਥ ਵਰਕਰਾਂ, ਫਰੰਟਲਾਈਨ ਵਰਕਰਾਂ ਤੇ ਬਜ਼ੁਰਗਾਂ ਨੂੰ ਕਵਰ ਕੀਤਾ ਗਿਆ ਤੇ ਸਾਵਧਾਨੀਪੂਰਬਕ ਉਸ ਨੂੰ ਲਾਗੂ ਕੀਤਾ ਗਿਆ। ਜਿਵੇਂ-ਜਿਵੇਂ ਮਾਮਲੇ ਵਧ ਰਹੇ ਸਨ, ਕਈ ਰਾਜਾਂ ਨੂੰ ਸਿਹਤ ਸੇਵਾਵਾਂ ਦੇ ਬੁਨਿਆਦੀ ਢਾਂਚੇ ਵਿੱਚ ਕਮੀ ਦਾ ਅਹਿਸਾਸ ਹੋਇਆ ਤੇ ਕੇਂਦਰ ਨੂੰ ਦਵਾਈਆਂ, ਆਕਸੀਜਨ ਸਿਲੰਡਰਾਂ, ਵੈਂਟੀਲੇਟਰਾਂ ਆਦਿ ਦੀ ਸਪਲਾਈ ਲਈ ਐੱਸਓਐੱਸ () ਬੇਨਤੀਆਂ ਭੇਜੀਆਂ ਗਈਆਂ।

ਝੂਠੀਆਂ ਖ਼ਬਰਾਂ ਦੇ ਉਲਟ, ਕੇਂਦਰ ਸਰਕਾਰ ਮਹਾਮਾਰੀ ਪ੍ਰਬੰਧਨ ਦੇ ਇਨ੍ਹਾਂ ਸਾਰੇ ਪੱਖਾਂ ਨਾਲ ਇੱਕੋ ਵੇਲੇ ਨਿਪਟ ਰਹੀ ਸੀ। ਇਹ ਮੰਦਭਾਗੀ ਗੱਲ ਹੈ ਕਿ ਸੰਕਟ 'ਚ ਵੀ ਕੁਝ ਲੋਕ ਦੁਸ਼ਪ੍ਰਚਾਰ ਕਰਨ ਅਤੇ ਸਿਆਸੀ ਤੌਰ 'ਤੇ ਪ੍ਰੇਰਿਤ ਨੈਰੇਟਿਵ ਤਿਆਰ ਕਰਨ 'ਚ ਰੁੱਝੇ ਹੋਏ ਹਨ।

ਸਾਡੇ ਲਈ ਮਹਾਮਾਰੀ ਉੱਤੇ ਕਾਬੂ ਪਾਉਣਾ ਤੇ ਨਾਗਰਿਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨਾ ਤਰਜੀਹ 'ਚ ਸਭ ਤੋਂ ਅੱਗੇ ਰਿਹਾ ਹੈ। ਇਹ ਇੱਕ ਯੁੱਧ ਹੈ, ਜਿਸ ਨੂੰ ਸਾਨੂੰ ਇੱਕ ਰਾਸ਼ਟਰ, ਇੱਕ ਜਨਸਮੂਹ ਤੇ ਇੱਕ ਮਿਸ਼ਨ ਦੇ ਰੂਪ 'ਚ ਲੜਨ ਦੀ ਜ਼ਰੂਰਤ ਹੈ।

***ਪ੍ਰਕਾਸ਼ ਜਾਵੜੇਕਰ**
*** ਲੇਖਕ ਕੇਂਦਰੀ ਮੰਤਰੀ ਹਨ**

# ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਫਲਾਂ ਅਤੇ ਸਬਜ਼ੀਆਂ ਦੀਆਂ ਦੁਕਾਨਾਂ ਨੂੰ ਰੋਜ਼ਾਨਾ ਸਵੇਰੇ 5 ਵਜੇ ਤੋਂ ਸ਼ਾਮ 5 ਵਜੇ ਤੱਕ ਖੋਲ੍ਹਣ ਦੀ ਛੋਟ ਦੇ ਹੁਕਮ



**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਜਾਰੀ ਪਾਬੰਦੀਆਂ ਅਤੇ ਛੋਟ ਦੇ ਆਦੇਸ਼ਾਂ ਵਿੱਚ ਲੜੀਵਾਰ ਜ਼ਿਲ੍ਹੇ ਦੇ ਸਾਰੇ ਫਲਾਂ ਅਤੇ ਸਬਜ਼ੀਆਂ ਦੀਆਂ ਦੁਕਾਨਾਂ ਨੂੰ ਰੋਜ਼ਾਨਾ ਸਵੇਰੇ 5 ਵਜੇ ਤੋਂ ਸ਼ਾਮ 5 ਵਜੇ ਤੱਕ ਖੋਲ੍ਹਣ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਬਾਕੀ ਪਾਬੰਦੀਆਂ ਅਤੇ ਛੋਟ ਪਹਿਲਾ ਜਾਰੀ ਹੁਕਮਾਂ ਤਹਿਤ ਰਹੇਗੀ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 18-44 ਸਾਲ ਉਮਰ ਵਰਗ ਤਹਿਤ ਉਸਾਰੀ ਕਾਮਿਆਂ ਦੇ ਟੀਕਾਕਰਣ ਨੂੰ ਬਹੁਤ ਸੁਚਾਰੂ ਢੰਗ ਨਾਲ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 10 ਮਈ ਨੂੰ ਸੂਬੇ ਵਿੱਚ ਉਸਾਰੀ ਕਾਮਿਆਂ ਦੀ ਟੀਕਾਕਰਣ ਦੀ ਸ਼ੁਰੂਆਤ ਹੋਈ ਅਤੇ ਪਹਿਲੇ ਦਿਨ ਹੁਸ਼ਿਆਰਪੁਰ ਜ਼ਿਲ੍ਹਾ ਸੂਬੇ ਵਿੱਚ ਪਹਿਲੇ ਸਥਾਨ 'ਤੇ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਉਪਲਬਧੀ ਦਾ ਸਿਹਰਾ ਸਿਹਤ ਵਿਭਾਗ ਦੇ ਮਿਹਨਤੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਜਾਂਦਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਵਿੱਚ 172 ਉਸਾਰੀ ਕਾਮਿਆਂ ਦਾ ਟੀਕਾਕਰਣ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਵਿੱਚ 314107 ਲੋਕਾਂ ਦਾ ਟੀਕਾਕਰਣ ਕੀਤਾ ਜਾ ਚੁੱਕਾ ਹੈ ਜਿਸ ਵਿੱਚ 9047 ਹੈਲਥ ਕੇਅਰ ਵਰਕਰਾਂ ਨੂੰ ਪਹਿਲੀ ਅਤੇ 4677 ਨੂੰ ਦੂਜੀ ਡੋਜ਼ ਲਗਾਈ ਜਾ ਚੁੱਕੀ ਹੈ। ਇਸ ਤਰ੍ਹਾਂ 32960 ਫਰੰਟ ਲਾਈਨ ਵਰਕਰਾਂ ਨੂੰ ਪਹਿਲੀ ਅਤੇ 8140 ਨੂੰ ਦੂਜੀ ਡੋਜ਼ ਲਗਾਉਣ ਦੇ ਨਾਲ-ਨਾਲ 45 ਤੋਂ 59 ਸਾਲ ਉਮਰ ਦੇ 144551 ਲਾਭਪਾਤਰੀਆਂ ਨੂੰ ਪਹਿਲੀ ਅਤੇ 21364 ਨੂੰ ਦੂਜੀ ਡੋਜ਼ ਲੱਗ ਚੁੱਕੀ ਹੈ। 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲਾਭਪਾਤਰੀਆਂ ਨੂੰ 73822 ਨੂੰ ਪਹਿਲੀ ਅਤੇ 19546 ਨੂੰ ਦੂਜੀ ਡੋਜ਼ ਲਗਾਈ ਜਾ ਚੁੱਕੀ ਹੈ।

ਅਪਨੀਤ ਰਿਆਤ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੋਵਿਡ-19 ਸਬੰਧੀ ਜਾਰੀ ਹਦਾਇਤਾਂ ਦੀ ਪੂਰੀ ਗੰਭਲਰਤਾ ਨਾਲ ਪਾਲਣਾ ਕਰਨ। ਉਨ੍ਹਾਂ ਲੋਕਾਂ ਨੂੰ ਮਾਸਕ ਪਾਉਣ, ਇਕ ਦੂਜੇ ਤੋਂ ਬਣਦੀ ਦੂਰੀ ਬਣਾ ਕੇ ਰੱਖਣ ਅਤੇ ਸਮੇਂ-ਸਮੇਂ 'ਤੇ ਸਾਬਣ ਨਾਲ ਚੰਗੀ ਤਰ੍ਹਾਂ ਹੱਥ ਧੋਣ ਦੇ ਲਈ ਵੀ ਕਿਹਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦਿਨ ਰਾਤ ਇਕ ਕਰਕੇ ਲੋਕਾਂ ਨੂੰ ਸਿਹਤ ਸੁਰੱਖਿਆ ਯਕੀਨੀ ਬਣਾਉਣ ਵਿੱਚ ਡੱਟਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕੋਵਿਡ ਦਾ ਖਾਤਮਾ ਲੋਕਾਂ ਦੇ ਸਹਿਯੋਗ ਨਾਲ ਹੀ ਹੋਵੇਗਾ, ਇਸ ਲਈ ਸਾਰੇ ਕੋਵਿਡ ਫੈਲਾਅ ਨੂੰ ਰੋਕਣ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ।

# ਵਿਦੇਸ਼ ਗਿਆ ਸੀ ਪੁੱਤ ਰੋਜ਼ੀ ਰੋਟੀ ਕਮਾਉਣ, ਪਰ ਅੱਜ ਮਾਪੇ ਉਸੇ ਪੁੱਤਰ ਦੀ ਲਾਸ਼ ਵੇਖਣ ਨੂੰ ਤਰਸ ਰਹੇ ਹਨ

## ਪ੍ਰਸ਼ਾਸਨ ਅਤੇ ਵਿਦੇਸ਼ ਮੰਤਰਾਲੇ ਨੂੰ ਕਰ ਰਹੇ ਹਨ ਅਪੀਲ



**ਮੁਕੇਰੀਆਂ/ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਕੇਂਦਰ ਸਰਕਾਰ ਦੇ ਹੁਕਮਾਂ ਕਾਰਨ ਦੇਸ਼ ਦੀ ਹਾਲਤ ਦਿਨ-ਬ-ਦਿਨ ਮਾੜੀ ਹੁੰਦੀ ਜਾ ਰਹੀ ਹੈ ਇਸ ਲਈ ਹਰ ਕੋਈ ਪਰਿਵਾਰ ਨੂੰ ਰੱਜਵੀਂ ਰੋਟੀ ਦੇਣ ਲਈ ਵਿਦੇਸ਼ਾਂ ਵਿੱਚ ਜਾਣ ਦੀ ਮਜਬੂਰੀ ਬਣੀ ਹੁੰਦੀ ਹੈ। ਕਈਆਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਜਿਸ ਪਰਿਵਾਰ ਦੇ ਵਧੀਆ ਭਵਿੱਖ ਲਈ ਉਹ ਵਿਦੇਸ਼ ਜਾ ਰਹੇ ਹਨ ਉਨ੍ਹਾਂ ਨੂੰ ਵਾਪਸ ਆਕੇ ਮਿਲ ਵੀ ਹੋਵੇ ਕੇ ਨਾ। ਇਹ ਜਿਹੀ ਘਟਨਾ ਵਾਪਰੀ ਹੈ ਥਾਣਾ ਹਾਜੀਪੁਰ ਦੇ ਪਿੰਡ ਸਿੰਘਪੁਰ ਜੱਟਾਂ ਵਿੱਚ ਜਿਥੋਂ ਦਾ ਇੱਕ ਨੌਜਵਾਨ ਕਮਲਜੀਤ ਸਿੰਘ ਰੋਜ਼ੀ ਰੋਟੀ ਕਮਾਉਣ ਲਈ ਅਰਬ ਦੇਸ਼ ਮਾਸਕੱਟ ਵਿੱਚ ਗਿਆ ਹੋਇਆ ਸੀ ਜਿਸ ਦਾ ਬੀਤੇ ਦਿਨੀਂ ਹਾਰਟ ਅਟੈਕ ਆਉਣ ਨਾਲ ਦਿਹਾਂਤ ਹੋ ਗਿਆ। ਜਿਸ ਦੀ ਖ਼ਬਰ ਸੁਣਦਿਆਂ ਹੀ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੈ ਪਰ ਅੱਜ ਤਿੰਨ ਚਾਰ ਦਿਨ ਬੀਤ ਜਾਣ ਪਿੱਛੋਂ ਵੀ ਪਰਿਵਾਰ ਨੂੰ ਉਨਾਂ ਦੇ ਪੁੱਤਰ ਦੀ ਲਾਸ਼ ਨੂੰ ਮਿਲੀ ਜਿਸ ਕਾਰਨ ਪਰਿਵਾਰ ਸਦਮੇ ਵਿਚ ਹੈ। ਮਿਰਤਕ ਕਮਲਦੀਪ ਸਿੰਘ ਵਿਆਹਿਆ ਹੋਇਆ ਸੀ ਅਤੇ ਆਪਣੇ ਪਿੱਛੇ ਇਕ ਲੜਕੀ ਅਤੇ ਇੱਕ ਲੜਕਾ ਨੂੰ ਛੱਡ ਗਿਆ। ਪਰਿਵਾਰ ਪੁੱਤਰ ਦੇ ਆਤਮਿਕ ਦਰਸ਼ਨਾ ਲਈ ਵਿਲਕਦਾ ਪਿਆ ਪਰ ਪਰਿਵਾਰ ਦੀ ਸਾਰ ਲੈਣ ਲਈ ਕੋਈ ਵੀ ਰਾਜਨੀਤੀਕ ਆਗੂ ਅੱਗੇ ਨਹੀਂ ਆਇਆ। ਪਰਿਵਾਰ ਵੱਲੋਂ ਆਪ ਮੁਕੇਰੀਆਂ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਮਾਜ ਸੇਵੀ ਸਰਦਾਰ ਜੀ ਐਸ ਮੁਲਤਾਨੀ ਜੀ ਨੂੰ ਮਿਲ਼ ਕੇ ਬੇਨਤੀ ਕੀਤੀ ਹੈ ਉਹ ਪੰਜਾਬ ਦੇ ਐਮ ਪੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਬੇਨਤੀ ਕਰਨ ਕਿ ਉਹ ਉਹ ਮਾਮਲਾ ਵਿਦੇਸ਼ ਮੰਤਰਾਲੇ ਅਤੇ ਇੰਡੀਅਨ ਐਮਬੈਸੀਂ ਦੇ ਧਿਆਨ ਵਿੱਚ ਲਿਆਉਣ ਅਤੇ ਸਾਡੇ ਪੁੱਤਰ ਦੀ ਲਾਸ਼ ਇੰਡੀਆ ਆ ਸਕੇ ਤਾਂ ਜੋ ਅਸੀ ਆਪਣੇ ਪੁੱਤਰ ਦੀ ਮਿਰਤਕ ਦੇਹ ਦੇ ਦੇਖ ਸਕੀਏ।

# ਜੈਲੀ ਗੇਰਾ ਵਲੋਂ ਸੁਖਵਿੰਦਰ ਬੋਦਲਾਂ ਵਾਲੇ ਦੀ ਲਿਖੀ ਕਿਤਾਬ 'ਹੂਕ ਪੰਜਾਬ ਦੀ" ਵੱਖ-ਵੱਖ ਸ਼ਖ਼ਸੀਅਤਾਂ ਨੂੰ ਕੀਤੀ ਗਈ ਭੇਂਟ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਜ਼ਿਲ੍ਹਾ ਹੁਸ਼ਿਆਰਪੁਰ ਦੇ ਬਹੁਤ ਹੀ ਪ੍ਰਸਿੱਧ ਪਿੰਡ ਬੋਦਲਾਂ ਨਾਲ ਸਬੰਧਿਤ ਮਸ਼ਹੂਰ ਸ਼ਾਇਰ ਅਤੇ ਬਿਜਨਸਮੈਨ ਸੁਖਵਿੰਦਰ ਸਿੰਘ ਬੋਦਲਾਂ ਵਾਲੇ (ਜੋ ਕਿ ਇਸ ਸਮੇਂ ਅਮਰੀਕਾ ਦੇ ਵਾਸ਼ਿੰਗਟਨ ਵਿਖੇ ਰਹਿ ਰਹੇ ਹਨ) ਉਹਨਾਂ ਦੁਆਰਾ ਲਿਖਿਤ ਕਾਵਿ ਸੰਗ੍ਰਹਿ "ਹੂਕ ਪੰਜਾਬ ਦੀ" ਨੂੰ ਜੈਲੀ ਗੇਰਾ ਵਲੋਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਭੇਂਟ ਕੀਤਾ ਗਿਆ। ਜਿਨ੍ਹਾਂ ਵਿੱਚ ਪ੍ਰਸਿੱਧ ਪੱਤਰਕਾਰ ਸੋਮਰਾਜ ਕਲੋਤਰਾ ਜੀ, ਮਾਸਟਰ ਜਤਿੰਦਰ ਸਿੰਘ ਜੀ, ਪੰਜਾਬੀ ਸਾਹਿਤਕਾਰ ਐਮ. ਐਸ. ਗੇਰਾ ਜੀ, ਮੁੱਖ ਅਧਿਆਪਕ ਗੋਪੀ ਚੰਦ ਜੀ ਸ਼ਾਮਿਲ ਹਨ। ਇਸ ਇਲਾਵਾ ਦੱਸਣਯੋਗ ਹੈ ਕਿ ਸੁਖਵਿੰਦਰ ਸਿੰਘ ਬੋਦਲਾਂ ਵਾਲੇ ਜਿਥੇ ਅਮਰੀਕਾ ਦੀ ਧਰਤੀ 'ਤੇ ਮਿਹਨਤ ਨਾਲ ਜ਼ਿੰਦਗੀ ਖੁਸ਼ਹਾਲ ਕਰ ਰਹੇ ਹਨ ਉੱਥੇ ਉਹ ਮਾਂ ਬੋਲੀ ਪੰਜਾਬੀ ਸੇਵਾ ਕਰਦੇ ਹੋਏ ਸਾਹਿਤਕ ਖੇਤਰ ਵਿੱਚ ਨਵੀਂ ਪੈੜਾਂ ਪਾ ਰਹੇ। ਇਸ ਨਾਲ-ਨਾਲ ਉਹ ਟੀ ਵੀ ਚੈਨਲ ਰਾਹੀਂ ਸਾਹਿਤ ਧਾਰਾ ਪ੍ਰੋਗਰਾਮ ਵੀ ਪੇਸ਼ ਕਰਦੇ ਹਨ ਜਿਸ ਵਿੱਚ ਉਹ ਮਾਂ ਬੋਲੀ ਪੰਜਾਬੀ ਦੇ ਵੱਖ-ਵੱਖ ਨਵੇਂ ਪੁਰਾਣੇ ਸ਼ਾਇਰਾਂ ਨੂੰ ਲੋਕਾਂ ਦੇ ਸਨਮੁੱਖ ਕਰਦੇ ਹਨ ਅਤੇ ਉਭਰਦੇ ਲੇਖਕਾਂ ਉਤਸ਼ਾਹਿਤ ਕਰਦੇ ਹਨ ਅਤੇ ਹੱਲਾਸ਼ੇਰੀ ਦਿੰਦੇ ਹਨ। ਉਨ੍ਹਾਂ ਦੇ ਇਸ ਉਪਰਾਲੇ ਦੀ ਬਦੌਲਤ ਕਈ ਨਵੇਂ ਲੇਖਕਾਂ ਨੂੰ ਆਪਣੀ ਕਲਾ ਪੇਸ਼ ਕਰਨ ਅਤੇ ਆਪਣੀ ਸ਼ਾਇਰੀ ਵਿੱਚ ਨਵੇਂ ਤਜਰਬੇ ਕਰਨ ਦਾ ਮੌਕਾ ਮਿਲਦਾ ਹੈ। ਪਰਮਾਤਮਾ ਮਾਂ ਬੋਲੀ ਦੇ ਇਸ ਲਾਡਲੇ ਸਪੁੱਤਰ ਸੁਖਵਿੰਦਰ ਸਿੰਘ ਬੋਦਲਾਂ ਵਾਲੇ ਦੀ ਕਲਮ ਨੂੰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਬਖਸ਼ੇ।




# ਕਰਤਾਰਪੁਰ ਦੇ ਕੌਂਸਲਰ ਸੁਰਿੰਦਰਪਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਆਮ ਆਦਮੀ ਪਾਰਟੀ ਨੂੰ ਕਰਤਾਰਪੁਰ ਵਿੱਚ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਕਰਤਾਰਪੁਰ ਦੇ ਵਾਰਡ ਨੰਬਰ 13 ਤੋਂ ਕੋਸਲਰ ਦੀ ਅਜਾਦ ਚੋਣ ਲੜਕੇ ਜਿੱਤੇ ਸੁਰਿੰਦਰ ਪਾਲ ਆਮ ਆਦਮੀ ਪਾਰਟੀ 'ਚ ਸਾਮਲ ਹੋਏ। ਆਮ ਆਦਮੀ ਪਾਰਟੀ ਦੇ ਵਿਰੋਧੀ ਧਿਰ ਦੇ ਡਿਪਟੀ ਲੀਡਰ ਸਰਬਜੀਤ ਕੋਰ ਮਾਣੂਕੇ, ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, ਰਾਜਵਿੰਦਰ ਕੋਰ ਪ੍ਰਧਾਨ ਮਹਿਲਾ ਵਿੰਗ ਪੰਜਾਬ ਤੇ ਗੁਰਿੰਦਰ ਸਿੰਘ ਸ਼ੇਰ ਗਿੱਲ ਉਪ ਪ੍ਰਧਾਨ ਯੂਥ ਵਿੰਗ ਪੰਜਾਬ ਨੇ ਸੁਰਿੰਦਰ ਪਾਲ ਨੂੰ ਪਾਰਟੀ ਦੇ ਚੰਡੀਗੜ੍ਹ ਦਫਤਰ ਚ ਸਾਮਲ ਕਰਵਾਇਆ। ਇਸ ਮੋਕੇ ਪਾਰਟੀ ਦੇ ਕਰਤਾਰਪੁਰ ਤੋ ਆਗੂ ਗੁਰਪਾਲ ਸਿੰਘ, ਜਲੰਧਰ ਦਿਹਾਤੀ ਦੇ ਪ੍ਰਧਾਨ ਪਰੇਮ ਕੁਮਾਰ, ਮਾਸਟਰ ਅਜੀਤ ਸਿੰਘ ਮੰਡ ਤੇ ਰਮਨ ਕੁਮਾਰ ਆਦਿ ਹਾਜਰ ਸਨ।




# ਬ੍ਰਹਮਲੀਨ ਸਵਾਮੀ ਸੁਮੇਸ਼ਵਰਾ ਨੰਦ ਮਹਾਰਾਜ ਜੀ ਦਾ ਜਨਮ ਦਿਵਸ 14 ਨੂੰ ਮਨਾਇਆ ਜਾਵੇਗਾ



**ਕਰਤਾਰਪੁਰ(ਜਸਵੰਤ ਵਰਮਾ, ਦਿਨੇਸ਼ ਕੁਮਾਰ)**ਬ੍ਰਹਮਲੀਨ ਸ਼੍ਰੀ1008ਸਵਾਮੀ ਸੁਮੇਸ਼ਵਰਾ ਨੰਦ ਜੀ ਮਹਾਰਾਜ ਖੋਰੀ ਵਾਲੇ ਜੀ ਦਾ ਜਨਮ ਦਿਵਸ 14 ਮਈ ਅਕਸ਼ਿਆ ਤ੍ਰੀਤੀ ਦੇ ਪਾਵਨ ਮੋਕੇ ਦਿਨ ਸ਼ੁਕਰਵਾਰ ਨੂੰ ਗੱਦੀਨਸ਼ੀਨ ਬੱਬੀ ਬਾਬਾ ਜੀ ਦੀ ਦੇਖਰੇਖ ਹੇਠ ਬਾਬਾ ਜੀ ਦੇ ਸ਼ਰਧਾਲੂਆਂ ਵਲੋ ਸਥਾਨਕ ਗਨੂ ਦੀ ਬਗੀਚੀ ਕਰਤਾਰਪੁਰ ਖੋਰੀ ਵਾਲਾ ਆਸ਼ਰਮ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾਵੇਗਾ। ਬਾਬਾ ਜੀ ਦੇ ਸ਼ਰਧਾਲੂ ਅਸ਼ੋਕ ਬਿੱਟੂ, ਲਤਾ ਸਨੋਤਰਾ, ਅਰੁਣ ਸਨੋਤਰਾ, ਪਕੰਜ ਕੁਮਾਰ,ਨੇ ਦੱਸਿਆ ਕਿ ਉਸ ਦਿਨ ਸਵੇਰੇ 5 ਵਜੇ ਬਾਬਾ ਜੀ ਦੀ ਮੂਰਤੀ ਨੂੰ ਦੁੱਧ ਨਾਲ ਇਸ਼ਨਾਨ ਕਰਾਉਣ ਤੋਂ ਬਾਅਦ ਪੂਜਾ ਪਾਠ,ਹਵਨ ਯੱਗ ਹੋਵੇਗਾ। ਉਪਰੰਤ ਦੁਪਹਿਰ ਨੂੰ ਭੰਡਾਰਾ ਲਗਾਇਆ ਜਾਵੇਗਾ।

# ਨੇਪਾਲ ਵਿੱਚ ਪ੍ਰਧਾਨ ਮੰਤਰੀ ਓਲੀ ਭਰੋਸੇ ਦਾ ਵੋਟ ਨਹੀਂ ਲੈ ਸਕੇ



**ਕਾਠਮੰਡੂ।** ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਪਾਰਲੀਮੈਂਟ ਦੇ ਪ੍ਰਤੀਨਿਧਹਾਊਸ ਵਿਚ ਪੇਸ਼ ਹੋਏ ਮਤੇ ਦੇ ਮੁਤਾਬਕ ਭਰੋਸੇ ਦਾ ਵੋਟ ਨਹੀਂ ਲੈ ਸਕੇ। ਉਹ ਲੋੜੀਂਦੀਆਂ 136 ਵੋਟਾਂ ਲੈਣ ਤੋਂ ਪਛੜ ਗਏ ਅਤੇ ਸਿਰਫ 93 ਮੈਂਬਰਾਂ ਦੀ ਹਮਾਇਤ ਹੀ ਹਾਸਲ ਕਰ ਸਕੇ। ਰਾਜਨੀਤਕ ਸੰਕਟ ਵਿੱਚ ਫਸੇ ਹੋਏ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੇ ਲਈ ਅੱਜ ਦੀ ਹਾਰਇਕ ਹੋਰ ਝਟਕਾ ਮੰਨੀਜਾਂਦੀ ਹੈ, ਜਿਹੜੇ ਕਮਿਊਨਿਸਟ ਪਾਰਟੀ ਆਫ ਨੇਪਾਲ (ਮਾਓਵਾਦੀ ਕੇਂਦਰ) ਦੇ ਪੁਸ਼ਪਕਮਲ ਦਹਿਲਦੇਧੜੇ ਵੱਲੋਂ ਸਰਕਾਰ ਦਾ ਸਮੱਰਥਨ ਵਾਪਸ ਲੈਣਪਿੱਛੋਂ ਪਾਰਟੀ ਉੱਤੇ ਪਕੜ ਮਜ਼ਬੂਤ ਕਰਨ ਦੇ ਯਤਨ ਕਰ ਰਹੇ ਸਨ। ਰਾਸ਼ਟਰਪਤੀ ਵਿਦਿਆਦੇਵੀ ਭੰਡਾਰੀ ਦੇ ਆਦੇਸ਼ ਉੱਤੇ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੇਵਿਸ਼ੇਸ਼ ਸੈਸ਼ਨ ਵਿਚ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਵੱਲੋਂ ਪੇਸ਼ ਕੀਤੇ ਭਰੋਸੇ ਦੇ ਮਤੇ ਦੇ ਪੱਖ ਵਿਚ ਮਸਾਂ 93 ਵੋਟਾਂ ਪਈਆਂ,ਇਸ ਦੇ ਖਿਲਾਫ 124 ਮੈਂਬਰਾਂ ਨੇ ਵੋਟ ਪਾਈ। ਕੇ ਪੀ ਸ਼ਰਮਾਂ ਓਲੀ (69) ਨੂੰ 275 ਮੈਂਬਰਾਂ ਦੇਹਾਊਸ ਵਿਚ ਭਰੋਸੇ ਦਾਵੋਟ ਜਿੱਤਣ ਲਈ 136 ਵੋਟਾਂ ਦੀ ਲੋੜ ਸੀ, ਚਾਰ ਮੈਂਬਰ ਇਸ ਸਮੇਂ ਸਸਪੈਂਡ ਹਨ। ਨੇਪਾਲ ਦਾ ਰਾਜਨੀਤਕ ਸੰਕਟ ਬੀਤੇ ਸਾਲ 20 ਦਸੰਬਰ ਤੋਂ ਉਦੋਂ ਸ਼ੁਰੂ ਹੋਇਆ ਸੀ।

# ਚੋਰਾਂ ਦੇ ਹੌਸਲੇ ਬੁਲੰਦ : ਬੈਂਕ ਨੂੰ ਸੇਂਧ ਲਗਾ ਕੇ ਦੋ ਲੈਪਟਾਪ ਤੇ 45 ਹਜਾਰ ਦੀ ਨਗਦੀ ਲੈ ਕੇ ਫਰਾਰ


**ਮੋਗਾ (ਰਵਿੰਦਰ ਬੁੱਟਰ, ਸਿਮਰਨਜੀਤ ਕੌਰ)** ਮੋਗਾ ਜ਼ਿਲ੍ਹੇ ਦੇ ਕਸਬਾ ਬੱਧਨੀ ਕਲਾ ਦੇ ਕੋਆਪਰੇਟਿਵ ਬੈਂਕ ਸ਼ਾਖਾ ਬੱਧਨੀ ਕਲਾ ਵਿਚ ਚੋਰਾਂ ਸੋਧ ਲਾਕੇ 2 ਲੈਪਟਾਪ, ਤੇ 45ਹਜਾਰ ਦੀ ਨਗਦੀ ਉੱਡਾ ਲੈ ਗਏ। ਥਾਣਾ ਮੁਖੀ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਸੀ ਸੀ ਟੀ ਵੀ ਦੀ ਫੁਟੇਜ ਨੂੰ ਖੰਗਾਲ ਕੇ ਚੋਰਾਂ ਦੀ ਪਛਾਣ ਕੀਤੀ ਜਾ ਰਹੀ ਹੈ। ਇਥੇ ਬੈਂਕ ਮੈਨੇਜਰ ਗੁਰਤੇਜ ਸਿੰਘ ਗਿੱਲ ਨੇ ਦੱਸਿਆ ਕਿ ਜਦੋਂ ਸੋਮਵਾਰ ਨੂੰ ਸਵੇਰੇ ਸਫਾਈ ਕਰਮਚਾਰੀ ਜੁਗਰਾਜ ਸਿੰਘ ਨੇ ਬੈਂਕ ਦੇ ਤਾਲੇ ਖੋਲ ਕੇ ਅੰਦਰ ਜਾ ਕੇ ਦੇਖਿਆ ਤਾਂ ਉਸ ਨੇ ਦੇਖਿਆ ਕਿ ਬੈਂਕ ਅੰਦਰਲੀ ਪਿਛਲੀ ਖਿੜਕੀ ਟੁੱਟੀ ਹੋਈ ਸੀ ਜਿਸ ਦੀ ਸੂਚਨਾ ਉਸ ਨੇ ਓਹਨਾਂ ਨੂੰ ਦਿੱਤੀ। ਜਿਸ ਦੀ ਸੂਚਨਾ ਮਿਲਦੇ ਬੈਂਕ ਮੈਨੇਜਰ ਤੁਰੰਤ ਬੈਂਕ ਪਹੁੰਚੇ ਤੇ ਇਸ ਦੀ ਸੂਚਨਾ ਤੁਰੰਤ ਉਹਨਾਂ ਨੇ ਥਾਣਾ ਬੱਧਨੀ ਕਲਾ ਦੀ ਪੁਲਿਸ ਨੂੰ ਦਿੱਤੀ। ਉਨ੍ਹਾਂ ਨੇ ਪੁਲਿਸ ਨੂੰ ਦੱਸਿਆ ਕਿ ਚੋਰ ਬੈਂਕ ਦੀ ਪਿਛਲੀ ਖਿੜਕੀ ਦੀ ਗਰਿੱਲ ਤੋੜ ਕੇ ਅੰਦਰ ਦਾਖਲ ਹੋਏ ਤੇ 2 ਲੈਪਟਾਪ ਤੇ ਬੈਂਕ ਵਿਚ ਪਏ ਸੁਸਾਇਟੀ ਦੇ 45 ਹਜ਼ਾਰ ਰੁਪਏ ਲੈਣ ਕੇ ਫਰਾਰ ਹੋ ਗਏ। ਉਨ੍ਹਾਂ ਨੇ ਦੱਸਿਆ ਕਿ ਚੋਰਾਂ ਵਲੋਂ ਬੈਂਕ ਦੇ ਸਟਰੋਂਗ ਰੂਮ ਨੂੰ ਵੀ ਤੋੜਨ ਦੀ ਕੋਸ਼ਿਸ਼ ਕੀਤੀ ਗਈ ਜਿਸ ਵਿਚ ਉਹ ਨਾਕਾਮ ਰਹੇ।ਇਸ ਕਰਕੇ ਵੱਡੀ ਰਾਸ਼ੀ ਚੋਰੀ ਹੋਣ ਤੋਂ ਬਚ ਗਈ। ਚੋਰੀ ਦੀ ਸੂਚਨਾ ਮਿਲਦੇ ਹੀ ਸਹਾਇਕ ਥਾਣੇਦਾਰ ਜਗਦੇਵ ਸਿੰਘ, ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਪੁਲਿਸ ਪਾਰਟੀ ਨਾਲ ਪਹੁੰਚ ਕੇ ਸਾਰੀ ਚੋਰੀ ਦੀ ਘਟਨਾ ਦਾ ਜਾਇਜਾ ਲਿਆ। ਪੁਲਿਸ ਦੁਆਰਾ ਚੋਰਾਂ ਨੂੰ ਜਲਦੀ ਹੀ ਕਾਬੂ ਕਰਨ ਲਈ ਬੈਂਕ ਵਿਚ ਲਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਤੇ ਬੈਂਕ ਦੇ ਨੇੜੇ ਘਰਾਂ ਤੇ ਦੁਕਾਨਾਂ ਤੇ ਲਗੇ ਕੈਮਰਿਆਂ ਦੀ ਫੁਟੇਜ ਤੋਂ ਚੋਰਾਂ ਦਾ ਸੁਰਾਗ ਲੱਭਣ ਵਿੱਚ ਜੁਟੀ ਹੋਈ ਹੈ।



# ਸਸਕਾਰ ਲਈ ਲੱਕੜਾਂ ਨਾ ਮਿਲਣ ਕਾਰਨ ਯੂ ਪੀ ਦੇ ਲੋਕ ਨਦੀ ਵਿੱਚ ਲਾਸ਼ਾਂ ਸੁੱਟਣ ਲੱਗੇ

**ਬਕਸਰ।** ਕੋਰੋਨਾ ਵਾਰਿਸ ਨਾਲ ਮਰਨ ਵਾਲੇ ਲੋਕਾਂ ਦੇ ਅੰਕੜੇ ਕੁਝ ਵੀ ਕਹਿਰਹੇ ਹੋਣ,ਬਿਹਾਰ ਦੇ ਬਕਸਰ ਜ਼ਿਲੇ ਦੇ ਚੌਸਾ ਵਿੱਚ ਮਹਾਦੇਵ ਘਾਟ ਉੱਤੇ ਰੁੜ੍ਹ ਕੇ ਆਈਆਂ ਲਾਸ਼ਾਂ ਦਾਢੇਰਦੱਸਰਿਹਾ ਹੈ ਕਿ ਹਾਲਤ ਕਿੰਨੀ ਖਰਾਬ ਹੈ। ਇਸ ਦੌਰਾਨ ਇਸ ਮੁੱਦੇ ਦੋ ਰਾਜਾਂ ਵਿਚਾਲੇ ਦੂਸ਼ਣਬਾਜ਼ੀ ਵੀਸ਼ੁਰੂਹੋ ਗਈ ਹੈ।

ਬਿਹਾਰ ਦੇ ਬਕਸਰ ਜ਼ਿਲਾ ਪ੍ਰਸ਼ਾਸਨ ਨੇ ਲਾਸ਼ਾਂ ਮਿਲਣ ਦੀ ਘਟਨਾ ਤੋਂ ਆਪਣਾ ਪੱਲਾ ਝਾੜ ਕੇ ਕਿਹਾਹੈ ਕਿ ਇਹ ਲਾਸ਼ਾਂ ਬਿਹਾਰ ਜਾਂ ਬਕਸਰ ਜ਼ਿਲੇ ਦੀਆਂ ਨਹੀਂ, ਉੱਤਰ ਪ੍ਰਦੇਸ਼ ਦੀਆਂ ਹਨ, ਜੋਰੁੜ੍ਹ ਕੇ ਏਧਰ ਆਈਆਂ ਹਨ।ਚੌਸਾ ਦੇ ਮਹਾਦੇਵ ਘਾਟ ਵਿੱਚ ਇੰਨੀਆਂ ਲਾਸ਼ਾਂ ਵੇਖ ਕੇ ਲੱਗਦਾ ਸੀ ਕਿ ਲਾਸ਼ਾਂ ਨੇ ਮਹਾਦੇਵ ਘਾਟ ਪੂਰੀ ਤਰ੍ਹਾਂ ਢੱਕ ਲਿਆ ਹੈ। ਇਸ ਘਟਨਾ ਦਾ ਵੀਡੀਓ ਵਾਇਰਲ ਹੋਣ ਪਿੱਛੋਂ ਜ਼ਿਲਾ ਪ੍ਰਸ਼ਾਸਨ ਵੱਲੋਂ ਚੌਸਾ ਦੇ ਬੀ ਡੀ ਓ ਅਸ਼ੋਕ ਕੁਮਾਰ ਨੇ ਕਿਹਾ ਕਿ 40 ਤੋਂ 45 ਲਾਸ਼ਾਂ ਵੱਖ-ਵੱਖ ਥਾਵਾਂ ਤੋਂ ਰੁੜ੍ਹ ਕੇ ਮਹਾਦੇਵ ਘਾਟਤੱਕ ਆਈਆਂ ਹਨ। ਉਨ੍ਹਾਨੇ ਸਾਫ ਕਿਹਾ ਕਿ ਇਹ ਲਾਸ਼ਾਂ ਬਿਹਾਰਦੇ ਲੋਕਾਂ ਦੀਆਂ ਨਹੀਂ, ਅਸੀਂ ਘਾਟ ਉੱਤੇ ਚੌਕੀਦਾਰ ਰੱਖਿਆ ਹੈ ਤਾਂ ਕਿਲਾਸ਼ਾਂ ਦਾ ਠੀਕ ਤਰ੍ਹਾਂ ਅੰਤਿਮ ਸੰਸਕਾਰ ਹੋ ਸਕੇ। ਇਹ ਲਾਸ਼ਾਂ ਉੱਤਰ ਪ੍ਰਦੇਸ਼ ਤੋਂ ਰੁੜ੍ਹ ਕੇ ਆਈਆਂ ਹਨ ਅਤੇ ਓਧਰੋਂ ਲਾਸ਼ਾਂ ਨੂੰ ਏਥੇਆਉਣ ਤੋਂ ਰੋਕਣਾ ਸੰਭਵ ਨਹੀਂ, ਇਸ ਲਈ ਅਸੀਂ ਖ਼ੁਦ ਹੀ ਇਨ੍ਹਾਂ ਦੇ ਨਿਪਟਾਰੇ ਅਤੇ ਅੰਤਮ ਸੰਸਕਾਰ ਦੀ ਵਿਵਸਥਾ ਕਰਨ ਦੇ ਯਤਨ ਕਰ ਰਹੇ ਹਾਂ।



# ਭਾਜਪਾ ਨੇ ਮਮਤਾ ਬੈਨਰਜੀ ਨੂੰ ਚਿੜਾਉਣ ਲਈ ਸੁਵੇਂਦੂ ਅਧਿਕਾਰੀ ਨੂੰ ਵਿਰੋਧੀ ਧਿਰ ਦਾ ਨੇਤਾ ਬਣਾਇਆ

## ਬੰਗਾਲ ਦੇ 61 ਭਾਜਪਾ ਵਿਧਾਇਕਾਂ ਨੂੰ ਵੱਡੀ ਸੁਰੱਖਿਆ ਦਿੱਤੀ ਗਈ

**ਕੋਲਕਾਤਾ।** ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂਦੇ ਦੌਰਾਨ ਦੂਸਰੀ ਸਭ ਤੋਂ ਵੱਡੀ ਸਿਆਸੀ ਪਾਰਟੀਬਣ ਕੇ ਉੱਭਰੀ ਭਾਰਤੀ ਜਨਤਾ ਪਾਰਟੀ ਨੇ ਅੱਜ ਸੋਮਵਾਰ ਨੂੰ ਸੁਵੇਂਦੂ ਅਧਿਕਾਰੀ ਨੂੰ ਓਥੋਂ ਦੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਚੁਣ ਲਿਆ ਅਤੇ ਇੰਜ ਮਮਤਾ ਬੈਨਰਜੀ ਨੂੰ ਚਿੜਾਉਣ ਦਾ ਯਤਨ ਕੀਤਾ ਹੈ।

ਭਾਰਤ ਦੇ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਅੱਜ ਪਾਰਟੀ ਵਿਧਾਇਕਾਂ ਨਾਲ ਬੈਠਕ ਕਰਨ ਤੋਂ ਬਾਅਦ ਸੁਵੇਂਦੂ ਅਧਿਕਾਰੀ ਨੂੰ ਭਾਜਪਾ ਵਿਧਾਇਕ ਦਲ ਵੱਲੋਂ ਨੇਤਾ ਚੁਣੇ ਜਾਣ ਦਾ ਐਲਾਨ ਕੀਤਾ।ਵਰਨਣ ਯੋਗ ਹੈ ਕਿ ਸੁਵੇਂਦੂ ਅਧਿਕਾਰੀ ਨੇ ਇਕ ਸਖ਼ਤ ਮੁਕਾਬਲੇ ਵਿੱਚਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਨੰਦੀਗ੍ਰਾਮ ਵਿਧਾਨ ਸਭਾ ਹਲਕੇ ਤੋਂ 1900 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਮਮਤਾ ਸਰਕਾਰ ਵਿੱਚ ਮੰਤਰੀ ਤੇ ਮਮਤਾ ਦਾ ਖਾਸ ਚੇਲਾ ਬਣ ਕੇ ਲੰਮਾ ਸਮਾਂ ਉਸ ਦੇ ਨਾਲ ਰਹਿ ਚੁੱਕੇ ਸੁਵੇਂਦੂ ਅਧਿਕਾਰੀ ਚੋਣਾਂ ਤੋਂ ਕੁਝ ਹੀ ਦਿਨ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸਨ। ਨੰਦੀਗ੍ਰਾਮਹਲਕੇ ਵਿੱਚਤਿੱਖੀ ਟੱਕਰ ਤੋਂ ਬਾਅਦ ਵਿਧਾਨ ਸਭਾ ਵਿੱਚ ਮਮਤਾ ਬੈਨਰਜੀਤੇ ਸੁਵੇਂਦੂ ਅਧਿਕਾਰੀ ਫਿਰਇੱਕ ਦੂਸਰੇ ਦੇ ਸਾਹਮਣੇ ਹੋਣਗੇ।ਕੁੱਲ 294 ਮੈਂਬਰੀ ਵਿਧਾਨ ਸਭਾ ਵਿੱਚ ਤ੍ਰਿਣਮੂਲ ਕਾਂਗਰਸ ਨੇ 213 ਸੀਟਾਂਜਿੱਤੀਆਂ ਅਤੇ ਉਹ ਇਸ ਰਾਜ ਵਿੱਚ ਲਗਾਤਾਰ ਤੀਸਰੀ ਵਾਰ ਸੱਤਾ ਵਿੱਚ ਆਈ ਹੈ। ਭਾਜਪਾ ਨੇ 77 ਸੀਟਾਂਜਿੱਤ ਕੇ ਪਹਿਲੀ ਵਾਰ ਇਸ ਰਾਜ ਦੀ ਮੁੱਖ ਵਿਰੋਧੀ ਧਿਰ ਦੀਜਗ੍ਹਾ ਬਣਾਈ ਅਤੇ ਕਾਂਗਰਸ ਪਾਰਟੀ ਤੇ ਖੱਬੇ ਪੱਖੀਆਂ ਦਾ ਇੱਕ ਵੀ ਉਮੀਦਵਾਰ ਜਿੱਤ ਨਹੀਂ ਸੀ ਸਕਿਆ। ਇਸ ਨਾਲ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਦੀ ਸਿੱਧੀ ਖਹਿਬਾਜ਼ੀ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ।

ਇਸ ਦੌਰਾਨ ਪੱਛਮੀ ਬੰਗਾਲ ਵਿੱਚਵਿਧਾਨ ਸਭਾ ਚੋਣਾਂ ਮਗਰੋਂਹਿੰਸਾ ਦੀਆਂ ਘਟਨਾਵਾਂ ਦੇ ਬਹਾਨੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਰਾਜ ਦੇ 61 ਭਾਜਪਾ ਵਿਧਾਇਕਾਂ ਨੂੰ ਐਕਸ ਕੈਟੇਗਰੀ ਦੀ ਸੁਰੱਖਿਆ ਦੇਣ ਦਾ ਫੈਸਲਾ ਕੀਤਾ ਹੈ।ਇਨ੍ਹਾਂ 61 ਵਿਧਾਇਕਾਂ ਨੂੰ ਕੇਂਦਰੀ ਉਦਯੋਗਿਕ ਸਕਿਓਰਟੀ ਫੋਰਸ (ਸੀ ਆਈ ਐੱਸ ਐੱਫ) ਦੀ ਸੁਰੱਖਿਆ ਦੇਣ ਵਾਲਾ ਫੈਸਲਾ ਇੱਕ ਵੱਡੀ ਵਿਚਾਰਦੇ ਬਾਅਦਕੀਤਾ ਗਿਆ ਹੈ। ਇਸ ਤੋਂ ਪਹਿਲਾਂ ਭਾਜਪਾ ਨਾਲ ਸੰਬੰਧਤ 70 ਹੋਰ ਲੋਕਾਂ ਨੂੰ ਸੁਰੱਖਿਆ ਦਿੱਤੀ ਗਈ ਸੀ, ਜਿਹੜੀ ਸਿਰਫ 15 ਮਈ ਤੱਕ ਸੀ ਅਤੇਭਾਜਪਾ ਦੇ ਇਨ੍ਹਾਂ 70 ਨੇਤਾਵਾਂ ਦੀ ਸੁਰੱਖਿਆ ਵਿੱਚ ਵੀ ਨਵੇਂ ਫੈਸਲੇ ਮੁਤਾਬਕ ਸੀ ਆਈ ਐੱਸ ਐੱਫ ਨੂੰ ਤਾਇਨਾਤ ਕੀਤਾ ਗਿਆ ਹੈ।



# ਨੀਰਵ ਮੋਦੀ ਵੱਲੋਂ ਭਾਰਤ ਹਵਾਲਗੀ ਫ਼ੈਸਲੇ ਦੇ ਖ਼ਿਲਾਫ਼ ਲੰਡਨ ਕੋਰਟ ਵਿੱਚ ਅਪੀਲ



**ਲੰਡਨ।** ਭਾਰਤ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਹੀਰਾ ਵਪਾਰੀ ਨੀਰਵ ਮੋਦੀ ਨੇ ਭਾਰਤ ਨੂੰ ਹਵਾਲਗੀ ਤੋਂ ਬਚਣ ਲਈ ਲੰਡਨ ਹਾਈ ਕੋਰਟ ਦੇ ਫੈਸਲੇ ਵਿਰੁੱਧ ਅਪੀਲ ਲਈ ਅਰਜ਼ੀ ਦਿੱਤੀ ਹੈ।ਅਪ੍ਰੈਲ ਵਿੱਚ ਬ੍ਰਿਟੇਨ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਨੀਰਵ ਮੋਦੀ ਨੂੰ ਭਾਰਤ ਹਵਾਲੇ ਕਰਨ ਦੇ ਹੁਕਮ ਉੱਤੇ ਦਸਤਖ਼ਤ ਕੀਤੇ ਸਨ। ਨੀਰਵ ਮੋਦੀ ਪੰਜਾਬ ਨੈਸ਼ਨਲ ਬੈਂਕ (ਪੀ ਐਨ ਬੀ) ਦੇ ਲੱਗਭਗ 13 ਹਜ਼ਾਰ ਕਰੋੜ ਰੁਪਏ ਦੀ ਧੋਖਾਧੜੀ ਦੇ ਕੇਸ ਵਿੱਚ ਲੋੜੀਂਦਾ ਹੈ। ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ (ਸੀ ਪੀ ਐਸ) ਨੇ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦਸਿਆ ਕਿ ਅਪੀਲ ਦਾਇਰ ਕੀਤੀ ਗਈ ਹੈ ਪਰ ਹਾਈ ਕੋਰਟ ਦੇ ਜੱਜ, ਜਿਸ ਨੇ ਇਸ ਬਾਰੇ ਫੈਸਲਾ ਲੈਣਾ ਹੈ, ਉਸ ਨੂੰ ਅਜੇ ਤੱਕ ਕੇਸ ਨਹੀਂ ਸੌਂਪਿਆ ਗਿਆ। 50 ਸਾਲਾ ਨੀਰਵ ਮੋਦੀ ਇਸ ਸਮੇਂ ਦੱਖਣ-ਪੱਛਮੀ ਲੰਡਨ ਦੀ ਵੈਂਡਸਵਰਥ ਜੇਲ੍ਹ ਵਿੱਚ ਹੈ। ਉਸ ਦੀ ਭਾਰਤ ਨੂੰ ਹਵਾਲਗੀ ਦੇਣ ਦਾ ਫੈਸਲਾ ਵੈਸਟ ਮਿੰਸਟਰ ਮੈਜਿਸਟ੍ਰੇਟ ਕੋਰਟ ਦੇ ਜੱਜ ਸੈਮ ਗੂਜੀ ਦੁਆਰਾ ਫਰਵਰੀ ਵਿੱਚ ਕੀਤਾ ਗਿਆ ਸੀ ਕਿ ਨੀਰਵ ਮੋਦੀ ਨੇ ਭਾਰਤੀ ਅਦਾਲਤ ਸਾਹਮਣੇ ਜਵਾਬ ਦੇਣਾ ਹੈ ਅਤੇ ਬ੍ਰਿਟਿਸ਼ ਕਾਨੂੰਨ ਤਹਿਤ ਹਵਾਲਗੀ ਉੱਤੇ ਰੋਕ ਲਾਗੂ ਨਹੀਂ ਹੁੰਦੀ।

# ਨੇਪਾਲ ਨੇ ਪਰਬਤਾਰੋਹੀਆਂ ਤੋਂ ਆਕਸੀਜਨ ਦੇ ਸਿਲੰਡਰ ਮੰਗੇ

**ਕਾਠਮੰਡੂ।** ਨੇਪਾਲ ਵਿੱਚ ਆਕਸੀਜਨ ਦੇ ਸਿਲੰਡਰਾਂ ਦੀ ਏਨੀ ਕਮੀ ਹੋ ਗਈ ਹੈ ਕਿ ਮਾਊਂਟ ਐਵਰੈਸਟ ਦੇ ਪਰਬਤਾਰੋਹੀਆਂ ਨੂੰ ਵਾਪਸੀ ਵੇਲੇ ਖਾਲੀ ਸਿਲੰਡਰ ਲਿਆਉਣ ਲਈ ਕਿਹਾ ਜਾ ਰਿਹਾ ਹੈ।ਕੋਰੋਨਾ ਦੀ ਦੂਜੀ ਲਹਿਰ ਤੋਂ ਪ੍ਰੇਸ਼ਾਨ ਨੇਪਾਲ ਨੇ ਕੱਲ੍ਹ ਇਹ ਅਪੀਲ ਜਾਰੀ ਕੀਤੀ ਹੈ। ਨੇਪਾਲ ਨੇ ਅਪ੍ਰੈਲ-ਮਈ ਦੇ ਸੀਜ਼ਨ ਲਈ ਸੱਤ ਸੌ ਤੋਂ ਵੱਧ ਪਰਬਤਾਰੋਹੀਆਂ ਨੂੰ 16 ਚੋਟੀਆਂ ਦੇ ਲਈ ਪਰਮਿਟ ਜਾਰੀ ਕੀਤੇ ਹਨ। ਇਨ੍ਹਾਂ ਵਿੱਚੋਂ 408 ਪਰਬਤਾਰੋਹੀਆਂ ਨੂੰ ਮਾਊਂਟ ਐਵਰੈਸਟ ਲਈ ਪਰਮਿਟ ਦਿੱਤਾ ਸੀ, ਤਾਂ ਜੋ ਨੇਪਾਲ ਵਿੱਚ ਪਰਬਤਾਰੋਹੀ ਅਤੇ ਸੈਰ ਸਪਾਟਾ ਇੰਡਸਟਰੀ ਇੱਕ ਵਾਰੀ ਫਿਰਵਧੇ ਫੁੱਲੇ। ਨੇਪਾਲ ਦੇ ਪਰਬਤਾਰੋਹੀ ਸੰਗਠਨ (ਐਨ ਐਮ ਓ) ਨੇ ਪਰਬਤਾਰੋਹੀਆਂ ਨੂੰ ਕੋਵਿਡ-19 ਦੇ ਇਨਫੈਕਸ਼ਨ ਦੌਰ ਵਿੱਚ ਉਨ੍ਹਾਂ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੋਵਿਡ ਦੀ ਦੂਜੀ ਲਹਿਰ ਵਿੱਚ ਨੇਪਾਲ ਦਾ ਪਹਿਲਾਂ ਹੀ ਕਮਜ਼ੋਰ ਸਿਹਤ ਮਹਿਕਮਾ ਹੋਰ ਬਦਹਾਲ ਹੋ ਗਿਆ ਹੈ। ਐਨ ਐਮ ਏ ਦੇ ਇੱਕ ਸੀਨੀਅਰ ਅਧਿਕਾਰੀ ਕੁਲ ਬਹਾਦਰ ਗੁਰੰਗ ਦਾ ਕਹਿਣਾ ਹੈ ਕਿ ਇਸ ਸੀਜ਼ਨ ਵਿੱਚ ਪਰਬਤਾਰੋਹੀਆਂ ਤੇ ਉਨ੍ਹਾਂ ਦੇ ਸ਼ੇਰਪਾ ਗਾਈਡਾਂ ਕੋਲ 3500 ਆਕਸੀਜਨ ਦੀਆਂ ਬੋਤਲਾਂ ਹਨ। ਮੁਹਿੰਮ ਦੇ ਅੰਤ ਵਿੱਚ ਇਹ ਖਾਲੀ ਬੋਤਲਾਂ ਜਾਂ ਤਾਂ ਤੂਫਾਨ ਵਿੱਚ ਕਿਤੇ ਦੱਬ ਜਾਂਦੀਆਂ ਹਨ ਜਾਂ ਪਰਬਤਾਰੋਹੀ ਇਨ੍ਹਾਂ ਨੂੰ ਰਸਤੇ ਵਿੱਚ ਛੱਡ ਆਉਂਦੇ ਹਨ। ਗੁਰੰਗ ਨੇ ਇਨ੍ਹਾਂ ਪਰਬਤਾਰੋਹੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਾਪਸੀ ਵਿੱਚ ਆਕਸੀਜਨ ਦੀਆਂ ਖਾਲੀ ਬੋਤਲਾਂ ਨੂੰ ਵਾਪਸ ਲੈ ਲੈਣ ਤਾਂ ਜੋ ਉਨ੍ਹਾਂ ਦੀ ਦੁਬਾਰਾ ਵਰਤੋਂ ਕਰ ਕੇ ਆਕਸੀਜਨ ਦੀ ਘਾਟ ਨਾਲ ਮਰ ਰਹੇ ਲੋਕਾਂ ਦੀ ਜਾਨ ਬਚਾਈ ਜਾ ਸਕੇ।



# ਅਮਰੀਕਾ 'ਚ ਹੈਕਰਾਂ ਦਾ ਤੇਲ ਪਾਈਪ ਲਾਈਨ ਸਿਸਟਮ ਉੱਤੇ ਹਮਲਾ

**ਵਾਸ਼ਿੰਗਟਨ।** ਅਮਰੀਕਾ ਦੀ ਸਭ ਤੋਂ ਵੱਡੀ ਤੇਲ ਪਾਈਪ ਲਾਈਨ ਉੱਤੇ ਹਮਲੇ ਤੋਂ ਬਾਅਦ ਬਾਈਡੇਨ ਪ੍ਰਸ਼ਾਸਨ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਜਿਸ ਕੋਲੋਨਿਅਲ ਪਾਈਪ ਲਾਈਨ ਕੰਪਨੀ ਉੱਤੇ ਹਮਲਾ ਹੋਇਆ ਹੈ, ਉਹ ਰੋਜ਼ਾਨਾ 25 ਲੱਖ ਬੈਰਲ ਤੇਲ ਸਪਲਾਈ ਕਰਦੀ ਹੈ। ਵਰਨਣ ਯੋਗ ਹੈ ਕਿ ਇੱਥੋਂ ਪਾਈਪ ਲਾਈਨ ਨਾਲ ਅਮਰੀਕਾ ਦੇ ਪੂਰਬੀ ਤਟ ਦੇ ਕੰਢੇ ਵਸੇ ਰਾਜਾਂ ਵਿੱਚ ਪਟਰੌਲ, ਡੀਜ਼ਲ ਤੇ ਦੂਜੇ ਗੈਸਾਂ ਦੀ ਸਪਲਾਈ ਕੀਤੀ ਜਾਂਦੀ ਹੈ। ਹੈਕਰਾਂ ਨੇ ਇਸ ਪਾਈਪ ਲਾਈਨ ਦੀ ਸਾਈਬਰ ਸਕਿਓਰਿਟੀ ਉੱਤੇ ਕੱਲ੍ਹ ਹਮਲਾ ਕੀਤਾ ਸੀ, ਜਿਸ ਨੂੰ ਅਜੇ ਤੱਕ ਰਿਕਵਰ ਨਹੀਂ ਕੀਤਾ ਜਾ ਸਕਿਆ। ਇਸ ਲਈ ਰਿਕਵਰੀ ਟੈਂਕਰਾਂ ਦੇ ਜ਼ਰੀਏ ਤੇਲ ਅਤੇ ਗੈਸ ਦੀ ਸਪਲਾਈ ਨਿਊਯਾਰਕ ਤੱਕ ਕੀਤੀ ਜਾ ਰਹੀ ਹੈ। ਸਾਈਬਰ ਹਮਲੇ ਦਾ ਅਸਰ ਅਟਲਾਂਟਾ ਅਤੇ ਟੈਨੇਸੀ ਉੱਤੇ ਸਭ ਤੋਂ ਵੱਧ ਪਵੇਗਾ। ਕੁਝ ਸਮੇਂ ਬਾਅਦ ਨਿਊਯਾਰਕ ਤੱਕ ਅਸਰ ਦਿਸ ਸਕਦਾ ਹੈ। ਕੱਲ੍ਹ ਰਾਤ ਤੱਕ ਕੰਪਨੀ ਦੀਆਂ ਚਾਰ ਮੇਨ ਲਾਈਨਾਂ ਠੱਪ ਪਈਆਂ ਸਨ। ਹਮਲੇ ਦਾ ਪਤਾ ਚੱਲਣ ਪਿੱਛੋਂ ਕੰਪਨੀ ਨੇ ਆਪਣੀ ਕੁਝ ਲਾਈਨਾਂ ਕੱਟ ਦਿੱਤੀਆਂ ਹਨ। ਕੋਰੋਨਾ ਮਹਾਂਮਾਰੀ ਕਾਰਨ ਕੰਪਨੀ ਦੇ ਬਹੁਤੇ ਇੰਜੀਨੀਅਰ ਘਰੋਂ ਕੰਮ ਕਰ ਰਹੇ ਹੋਣ ਕਾਰਨ ਹੈਕਰ ਅਸਾਨੀ ਨਾਲ ਇੰਨੇ ਵੱਡੇ ਹਮਲੇ ਵਿੱਚ ਸਫ਼ਲ ਹੋ ਗਏ। ਸਾਈਬਰ ਹਮਲੇ ਕਾਰਨ ਕੌਮਾਂਤਰੀ ਪੱਧਰ ਉੱਤੇ ਤੇਲ ਦੀ ਕੀਮਤਾਂ ਦੋ ਤੋਂ ਤਿੰਨ ਪ੍ਰਤੀਸ਼ਤ ਤੱਕ ਵੱਧ ਸਕਦੀਆਂ ਹਨ। ਇਸ ਨੂੰ ਛੇਤੀ ਨਹੀਂ ਸੁਧਾਰਿਆ ਤਾਂ ਕੀਮਤਾਂ ਵਿੱਚ ਜ਼ਿਆਦਾ ਵਾਧਾ ਵੀ ਹੋ ਸਕਦਾ ਹੈ। ਇਸ ਸਾਈਬਰ ਹਮਲੇ ਦਾ ਦੋਸ਼ ਡਾਰਕ-ਸਾਈਡ ਨਾਂ ਦੇ ਸਾਈਬਰ ਅਪਰਾਧੀਆਂ ਦੇ ਗੈਂਗ ਉੱਤੇ ਲੱਗਦਾ ਹੈ। ਇਨ੍ਹਾਂ ਨੇ ਕੋਲੋਨਿਅਲ ਕੰਪਨੀ ਦੇ ਨੈਟਵਰਕ ਨੂੰ ਹੈਕ ਕਰ ਲਿਆ ਅਤੇ ਕਰੀਬ 100ਜੀ ਬੀ ਡਾਟਾ ਚੋਰੀ ਕਰ ਲਿਆ।

# ਬੇਅਦਬੀ ਮਾਮਲੇ ‘ਚ ਅਕਾਲੀ ਦਲ ਨੇ ਕੈਪਟਨ-ਸਿੱਧੂ ਨੂੰ ਘੇਰਿਆ, ਦੱਸਿਆ ਬਰਾਬਰ ਦੇ ਦੋਸ਼ੀ

**ਚੰਡੀਗੜ (ਦੀਪਕ ਸ਼ਰਮਾ)** ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਬੇਅਦਬੀ ਮਾਮਲੇ ’ਤੇ ਸਿਆਸਤ ਕਰ ਰਹੇ ਹਨ। ਬੇਅਦਬੀ ਮਾਮਲੇ ਵਿਚ ਦੋਸ਼ੀਆ ਨੂੰ ਗ੍ਰਿਫ਼ਤਾਰ ਕਰਨ ਤੇ ਸਜ਼ਾ ਦਿਵਾਉਣ ਵਿਚ ਅਸਫ਼ਲ ਰਹਿਣ ਵਿਚ ਮੁੱਖ ਮੰਤਰੀ ਤੇ ਨਵਜੋਤ ਸਿੰਘ ਸਿੱਧੂ ਦੋਵੇਂ ਬਰਾਬਰ ਰੂਪ ‘ਚ ਦੋਸ਼ੀ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਚਾਰ ਸਾਲ ਦੇ ਸ਼ਾਸਨ ਵਿਚ ਰਹਿਣ ਦੇ ਬਾਜਵੂਦ ਨਵਜੋਤ ਸਿੱਧੂ ਬੇਅਦਬੀ ਦਾ ਮੁੱਦਾ ਪੂਰੀ ਤਰਾਂ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਖੋਹਣ ਲਈ ਚੁੱਕ ਰਹੇ ਹਨ। ਨਵਜੋਤ ਸਿੱਧੂ ਨੇ ਪਿਛਲੇ ਚਾਰ ਸਾਲ ਵਿਚ ਕਦੇ ਵੀ ਬੇਅਦਬੀ ਮਾਮਲੇ ਵਿਚ ਨਿਆਂ ਹਾਸਲ ਕਰਨ ਲਈ ਕੁੱਝ ਵੀ ਨਹੀ ਕੀਤਾ ਅਤੇ ਆਪਣੀ ਭਾਰਤ-ਪਾਕਿ ਦੋਸਤੀ ਵਿਚ ਰੁੱਝੇ ਰਹੇ। ਜੇਕਰ ਉਨਾਂ ਨੇ ਉਦੋਂ ਇਸ ਮਾਮਲੇ ਵਿਚ ਮਿਹਨਤ ਕੀਤੀ ਹੁੰਦੀ, ਹੋ ਸਕਦਾ ਹੈ ਇਹ ਮਾਮਲਾ ਹੁਣ ਤੱਕ ਸੁਲਝ ਗਿਆ ਹੁੰਦਾ। ਭੂੰਦੜ ਨੇ ਕਿਹਾ ਕਿ ਸਿੱਧੂ ਜਾਣਦੇ ਹਨ ਕਿ ਲੋਕ ਉਨਾਂ ਨੂੰ 2022 ਵਿਚ ਪੁੱਛਣਗੇ ਕਿ ਉਨਾਂ ਨੇ ਵਿਧਾਨਸਭਾ ਵਿਚ ਪਵਿੱਤਰ ਸ਼ਹਿਰ ਦੀ ਤਰਜਮਾਨੀ ਕਰਨ ਦੇ ਬਾਵਜੂਦ ਇਸ ਮਾਮਲੇ ਵਿਚ ਨਿਆਂ ਯਕੀਨੀ ਕਰਨ ਲਈ ਕੁੱਝ ਕਿਉਂ ਨਹੀ ਕੀਤਾ ਅਤੇ ਇਹੀ ਕਾਰਨ ਹੈ ਕਿ ਉਹ ਲੋਕਾਂ ਦੇ ਗੁੱਸੇ ਤੋਂ ਬਚਣ ਲਈ ਬੇਅਦਬੀ ਦਾ ਮੁੱਦਾ ਚੁੱਕ ਰਹੇ ਹਨ। ਭੂੰਦੜ ਨੇ ਕਿਹਾ ਕਿ ਸਾਰੀਆਂ ਕੋਸ਼ਿਸ਼ਾਂ ਤੋਂ ਬਾਅਦ ਵੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਦਲ ਅਤੇ ਉਸ ਦੀ ਸੀਨੀਅਰ ਲੀਡਰਸ਼ਿਪ ਨੂੰ ਫਸਾਉਣ ਦਾ ਕਾਂਗਰਸੀ ਗੇਮ ਪਲਾਨ ਸਫ਼ਲ ਨਹੀ ਹੋ ਸਕਿਆ। ਹਾਲ ਹੀ ਵਿਚ ਇਸ ਸਾਜਿਸ਼ ਨੂੰ ਉੱਚ ਅਦਾਲਤ ਨੇ ਵੀ ਉਜਾਗਰ ਕੀਤਾ ਸੀ, ਜਿਸ ਨੇ ਕੋਟਕਪੂਰਾ ਫਾਇਰਿੰਗ ਕੇਸ ਵਿਚ ਕੁੰਵਰ ਵਿਜੇ ਪ੍ਰਤਾਪ ਦੇ ਤੱਤਾਂ ਨੂੰ ਖਾਰਜ ਕਰ ਦਿੱਤਾ ਸੀ ਅਤੇ ਸਾਬਕਾ ਆਈ. ਜੀ. ਖਲਿਾਫ਼ ਸਖ਼ਤੀ ਦੇ ਨਾਲ-ਨਾਲ ਜਾਂਚ ਦੇ ਪੂਰੇ ਤਰੀਕੇ ਤੋਂ ਇਲਾਵਾ ਐੱਸ. ਆਈ. ਟੀ. ਨੂੰ ਭੰਗ ਕਰ ਦਿੱਤਾ ਸੀ। ਭੂੰਦੜ ਨੇ ਕਿਹਾ ਕਿ ਅਕਾਲੀ ਦਲ ਇਸ ਮਾਮਲੇ ਵਿਚ ਜਲਦੀ ਜਾਂਚ ਲਈ ਖੜਾ ਹੈ ਅਤੇ ਐੱਸ. ਆਈ. ਟੀ. ਨੂੰ ਜਾਂਚ ਨੂੰ ਜਿੰਨਾ ਜਲਦੀ ਹੋ ਸਕੇ, ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਆਪਣੀ ਰਿਪੋਰਟ ਪੇਸ਼ ਕਰਨ ਲਈ 6 ਮਹੀਨੇ ਲੰਘਣ ਦੀ ਉਡੀਕ ਨਹੀ ਕਰਨੀ ਚਾਹੀਦੀ।



# ਕੋਰੋਨਾ ਕਾਰਨ ਸੀਲ ਹੋਇਆ ਬੈਂਕ 4 ਦਿਨਾਂ ਬਾਅਦ ਖੁੱਲਣ ’ਤੇ ਕਿਸਾਨਾਂ ਦੀ ਭੀੜ ਉਮੜੀ

**ਚੰਡੀਗੜ (ਦੀਪਕ ਸ਼ਰਮਾ)** ਲੁਧਿਆਣਾ ਸੈਂਟਰਲ ਕੋ-ਆਪ੍ਰੇਟਿਵ ਬੈਂਕ ਦੀ ਮਾਛੀਵਾੜਾ ਸ਼ਾਖਾ ’ਚ ਕੰਮ ਕਰਦੇ ਮੈਨੇਜਰ ਸਮੇਤ 4 ਮੁਲਾਜਮ ਕੋਰੋਨਾ ਪਾਜ਼ੇਟਿਵ ਆ ਜਾਣ ਕਾਰਨ ਇਹ ਬੈਂਕ ਸੀਲ ਕਰ ਦਿੱਤਾ ਗਿਆ ਸੀ। ਅੱਜ 4 ਦਿਨਾਂ ਬਾਅਦ ਜਦੋਂ ਬੈਂਕ ਖੁੱਲਿਆ ਤਾਂ ਇਸ ਨਾਲ ਜੁੜੇ ਸੈਂਕੜੇ ਕਿਸਾਨਾਂ ਦੀ ਭੀੜ ਉਮੜ ਪਈ ਪਰ ਬੈਂਕ ’ਚ ਕੰਮ ਕਰਵਾਉਣ ਆਉਣ ਵਾਲੇ ਗਾਹਕ ਪਰੇਸ਼ਾਨ ਦਿਖਾਈ ਦਿੱਤੇ। ਬੈਂਕ ਨਾਲ ਲੈਣ-ਦੇਣ ਕਰਨ ਆਏ ਕਿਸਾਨ ਜਸਵੀਰ ਸਿੰਘ, ਦਿਲਬਾਗ ਸਿੰਘ ਤੇ ਹੋਰਨਾਂ ਕਿਸਾਨਾਂ ਨੇ ਦੱਸਿਆ ਕਿ ਉਨਾਂ ਵਲੋਂ ਬੈਂਕ ਤੋਂ ਖੇਤੀਬਾੜੀ ਕਰਜ਼ਾ ਲਿਆ ਹੋਇਆ ਹੈ, ਜਿਸਦੀ ਰਾਸ਼ੀ ਕੁੱਝ ਦਿਨ ਪਹਿਲਾਂ ਜਮਾਂ ਕਰ ਦਿੱਤੀ ਸੀ ਪਰ ਜਦੋਂ ਉਹ 7 ਮਈ ਨੂੰ ਬੈਂਕ ’ਚ ਆਪਣੇ ਪੈਸੇ ਕਢਵਾਉਣ ਆਏ ਤਾਂ ਪਤਾ ਲੱਗਾ ਕਿ ਸਟਾਫ਼ ਕੋਰੋਨਾ ਪਾਜ਼ੇਟਿਵ ਆਉਣ ਕਾਰਨ ਉਸ ਨੂੰ ਸੀਲ ਕਰ ਦਿੱਤਾ ਗਿਆ ਹੈ। ਅੱਜ ਜਦੋਂ ਬੈਂਕ ਖੁੱਲਣ ’ਤੇ ਉਹ ਆਪਣੀ ਰਾਸ਼ੀ ਕਢਵਾਉਣ ਆਏ ਤਾਂ ਉੱਥੇ ਹੋਰ ਵੀ ਸੈਂਕੜੇ ਕਿਸਾਨ ਬੈਂਕ ਨਾਲ ਲੈਣ-ਦੇਣ ਕਰਨ ਲਈ ਆਏ ਸਨ ਪਰ ਸਟਾਫ਼ ਦੀ ਘਾਟ ਕਾਰਨ ਉਹ ਕਈ ਘੰਟਿਆਂ ਤੋਂ ਬਾਹਰ ਖੜੇ ਹਨ, ਜਿਨਾਂ ਦਾ ਕੰਮ ਨਹੀਂ ਹੋ ਰਿਹਾ। ਕਿਸਾਨਾਂ ਨੇ ਦੱਸਿਆ ਕਿ ਉਨਾਂ ਵੱਲੋਂ ਬੈਂਕ ’ਚੋਂ ਪੈਸੇ ਕਢਵਾ ਕੇ ਬਜ਼ਾਰ ਵਿਚ ਕਈ ਦੁਕਾਨਦਾਰਾਂ ਨਾਲ ਲੈਣ-ਦੇਣ ਕਰਨਾ ਹੈ ਪਰ ਪਿਛਲੇ ਕੁੱਝ ਦਿਨਾਂ ਤੋਂ ਕਦੇ ਕੋਰੋਨਾ ਤੇ ਕਦੇ ਸਟਾਫ਼ ਦੀ ਕਮੀ ਤੋਂ ਪਰੇਸ਼ਾਨ ਹਨ। ਕਿਸਾਨਾਂ ਨੇ ਬੈਂਕ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਉਨਾਂ ਦੀ ਸਮੱਸਿਆ ਨੂੰ ਦੇਖਦੇ ਹੋਏ ਇੱਥੇ ਤੁਰੰਤ ਲੋੜੀਂਦਾ ਸਟਾਫ਼ ਭੇਜਿਆ ਜਾਵੇ।



ਦੂਜੇ ਪਾਸੇ ਬੈਂਕ ਅਧਿਕਾਰੀਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਕੋਰੋਨਾ ਕਾਰਨ ਜੋ ਇੱਥੇ ਪਹਿਲਾਂ ਸਟਾਫ਼ ਕੰਮ ਕਰਦਾ ਸੀ ਉਹ ਡਿਊਟੀ ’ਤੇ ਨਹੀਂ ਆ ਸਕਿਆ ਅਤੇ ਲੁਧਿਆਣਾ ਤੋਂ ਅੱਜ ਨਵਾਂ ਸਟਾਫ਼ ਬੈਂਕ ’ਚ ਕੰਮ ਕਰਨ ਲਈ ਭੇਜਿਆ ਗਿਆ ਹੈ, ਉਸ ਨੂੰ ਪਹੁੰਚਣ ’ਚ ਦੇਰੀ ਹੋ ਗਈ। ਉਨਾਂ ਕਿਹਾ ਕਿ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜੋ ਵੀ ਉਨਾਂ ਦੀ ਰਾਸ਼ੀ ਦਾ ਭੁਗਤਾਨ ਹੈ ਕਰ ਦਿੱਤਾ ਜਾਵੇਗਾ।

# ਕੋਰੋਨਾ ਵਾਇਰਸ ਨੇ ਲਈ ਪੱਤਰਕਾਰ ਰਤਨ ਲਾਲ ਦੀ ਜਾਨ

### ਪੰਜਾਹ ਲੱਖ ਰੁਪਏ ਸਹਾਇਤਾ ਰਾਸ਼ੀ ਦੇਵੇ ਪੰਜਾਬ ਸਰਕਾਰ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਕੋਰੋਨਾ ਵਾਇਰਸ ਦੀ ਚੱਲ ਰਹੀ ਮਹਾਮਾਰੀ ਦੌਰਾਨ ਆਪਣੀ ਪੱਤਰਕਾਰਤਾ ਦੇ ਫਰਜ਼ ਨਿਭਾਉਂਦੇ ਹੋਏ ਇੱਕ ਹੋਰ ਸੀਨੀਅਰ ਪੱਤਰਕਾਰ ਕੋਰੋਨਾ ਵਾਇਰਸ ਦਾ ਸ਼ਿਕਾਰ ਹੋ ਕੇ ਆਪਣੀ ਜਾਨ ਤੋਂ ਹੱਥ ਧੋ ਬੈਠਿਆ । ਪ੍ਰੈੱਸ ਕਲੱਬ ਫਿਰੋਜ਼ਪੁਰ ਦੇ ਸਾਬਕਾ ਕੈਸ਼ੀਅਰ ਪੱਤਰਕਾਰ ਰਤਨ ਲਾਲ ਦੀ ਮੈਡੀਕਲ ਰਿਪੋਰਟ ਕੋਰੋਨਾ ਪਾਜ਼ੀਟਿਵ ਆਉਣ ਤੋਂ ਬਾਅਦ ਇਲਾਜ ਲਈ ਪਹਿਲੇ ਫਿਰੋਜ਼ਪੁਰ ਅਤੇ ਫਿਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿਖੇ ਰੈਫਰ ਕੀਤਾ ਗਿਆ ਸੀ । ਇੱਥੇ ਉਨ੍ਹਾਂ ਦੀ ਜਾਨ ਬਚਾਈ ਨਹੀਂ ਜਾ ਸਕੀ । ਮ੍ਰਿਤਕ ਪੱਤਰਕਾਰ ਰਤਨ ਲਾਲ ਦੋ ਬੱਚਿਆਂ ਦਾ ਬਾਪ ਸੀ ਜੋ ਕਿ ਅਜੇ ਨਾਬਾਲਗ ਅਵਸਥਾ ਵਿੱਚ ਹਨ । ਇਸ ਦੌਰਾਨ ਪ੍ਰੈੱਸ ਕਲੱਬ ਫਿਰੋਜ਼ਪੁਰ ਦੇ ਪ੍ਰਧਾਨ ਮਨਦੀਪ ਕੁਮਾਰ ਤੇ ਡਿਸਟ੍ਰਿਕ ਪ੍ਰੈਸ ਕਲੱਬ ਫਿਰੋਜ਼ਪੁਰ ਦੇ ਪ੍ਰਧਾਨ ਗੁਰਬਚਨ ਸਿੰਘ ਸੋਨੂੰ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਮ੍ਰਿਤਕ ਪਰਿਵਾਰ ਦੇ ਵਾਰਸਾਂ ਲਈ ਪੰਜਾਹ ਲੱਖ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਵੇ। ਮੁੱਖ ਮੰਤਰੀ ਪੰਜਾਬ ਵੱਲੋਂ ਫੀਲਡ ਵਿੱਚ ਕੰਮ ਕਰ ਰਹੇ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਫਰੰਟ ਲਾਈਨ ਯੋਧੇ ਐਲਾਨ ਕੀਤਾ ਹੈ। ਉਸ ਅਧੀਨ ਜਿਸ ਤਰ੍ਹਾਂ ਕੋਰੋਨਾ ਵਾਇਰਸ ਦੀ ਲਾਗ ਨਾਲ ਜਾਨ ਗੁਆ ਚੁੱਕੇ ਡਾਕਟਰ, ਨਰਸਾਂ ਅਤੇ ਆਸ਼ਾ ਵਰਕਰਾਂ ਦੇ ਪਰਿਵਾਰਾਂ ਨੂੰ ਪੰਜਾਹ ਲੱਖ ਰੁਪਏ ਤੱਕ ਦੀ ਬੀਮਾ ਰਾਸ਼ੀ ਦਿੱਤੀ ਜਾ ਰਹੀ ਹੈ ਉਸ ਤਰ੍ਹਾਂ ਹੀ ਇਸ ਪੱਤਰਕਾਰ ਦੇ ਪਰਿਵਾਰ ਨੂੰ ਵੀ 50 ਲੱਖ ਰੁਪਏ ਦੀ ਆਰਥਕ ਸਹਾਇਤਾ ਦਿੱਤੀ ਜਾਵੇ। ਇਸ ਸਮੇਂ ਤੇ ਸਮੂਹ ਡਿਸਟ੍ਰਿਕ ਪ੍ਰੈਸ ਕਲੱਬ ਫਿਰੋਜ਼ਪੁਰ ਦੇ ਸਮੂਹ ਆਹੁਦੇਦਾਰਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਸਰਕਾਰ ਤੋਂ ਮੰਗ ਕੀਤੀ ਕਿ ਫਰੰਟਲਾਇਨ ਤੇ ਆਉਣ ਵਾਲਿਆਂ ਨੂੰ ਜੋ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਉਹ ਰਤਨ ਲਾਲ ਦੇ ਪਰਿਵਾਰ ਨੂੰ ਵੀ ਦਿੱਤੀ ਜਾਵੇ।



# ਕਿਸਾਨੀ ਲਹਿਰ ’ਚ ਹੋਇਆ ਗੈਂਗਰੇਪ, ਦੋਸ਼ੀਆਂ ਨੂੰ ਮਿਲੇ ਮੌਤ ਦੀ ਸਜਾ : ਅਸ਼ਵਨੀ ਸ਼ਰਮਾ

**ਚੰਡੀਗੜ (ਦੀਪਕ ਸ਼ਰਮਾ)** ਹਰਿਆਣਾ ਦੇ ਟਿਕਰੀ ਬਾਰਡਰ ’ਤੇ ਚੱਲ ਰਹੀ ਕਿਸਾਨੀ ਲਹਿਰ ’ਚ ਸ਼ਾਮਲ ਕਰਨ ਦੇ ਨਾਂ ’ਤੇ ਬੰਗਾਲ ਤੋਂ ਭਰਮਾ ਕੇ ਲਿਆਂਦੀ ਗਈ ਕੁੜੀ ਨਾਲ ਖੁਦ ਨੂੰ ਕਿਸਾਨ ਸੋਸ਼ਲ ਆਰਮੀ ਦੇ ਆਗੂ ਦੱਸਣ ਵਾਲੇ ਕਥਿਤ ਨੇਤਾਵਾਂ ਵਲੋਂ ਗੈਂਗਰੇਪ ਕੀਤੇ ਜਾਣ ਦੀ ਵਾਪਰੀ ਮੰਦਭਾਗੀ ਘਟਨਾ ਦੀ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਸ ਦੌਰਾਨ ਉਨਾਂ ਨੇ ਇਸ ਕੇਸ ਦੇ ਸਾਰੇ ਮੁਲਜ਼ਮਾਂ ਖਲਿਾਫ ਮੌਤ ਦੀ ਸਜ਼ਾ ਦੀ ਮੰਗ ਕੀਤੀ ਹੈ। ਸ਼ਰਮਾ ਨੇ ਕਿਹਾ ਕਿ ਹਸਪਤਾਲ ਵਿਚ ਇਲਾਜ ਦੌਰਾਨ ਕੁੜੀ ਨਾਲ ਗੈਂਗਰੇਪ ਦੀ ਗੱਲ ਸਾਹਮਣੇ ਆਈ, ਜਿਥੇ ਕੁੜੀ ਦੀ ਮੌਤ ਹੋਈ ਹੈ। ਉਨਾਂ ਕਿਹਾ ਕਿ ਸੁਰੱਖਿਆ ਏਜੰਸੀਆਂ ਅਤੇ ਭਾਜਪਾ ਕਿਸਾਨ ਅੰਦੋਲਨ ਨਾਲ ਜੁੜੇ ਸੰਗਠਨਾਂ ਦੇ ਨੇਤਾਵਾਂ ਨੂੰ ਅੰਦੋਲਨ ਵਿਚ ਅਰਾਜਕਤਾ ਫੈਲਾਉਣ ਵਾਲੇ ਤੱਤਾਂ ਦੀ ਸ਼ਮੂਲੀਅਤ ਬਾਰੇ ਸਮੇਂ-ਸਮੇਂ ਸਿਰ ਜਾਗਰੂਕ ਕਰਦੀਆਂ ਰਹੀਆਂ ਹਨ ਪਰ ਕਿਸਾਨ ਨੇਤਾਵਾਂ ਨੇ ਕਦੇ ਇਸ ਵੱਲ ਧਿਆਨ ਨਹੀਂ ਦਿੱਤਾ। ਉਨਾਂ ਕਿਹਾ ਕਿ ਹਾਲਾਂਕਿ ਕਿਸਾਨ ਸੰਯੁਕਤ ਮੋਰਚਾ ਇਸ ਮਾਮਲੇ ਤੋਂ ਆਪਣਾ ਪੱਲਾ ਝਾੜ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਇਹ ਸਭ ਕੁਝ ਕਥਿਤ ਕਿਸਾਨ ਨੇਤਾਵਾਂ ਵਲੋਂ ਅੰਦੋਲਨ ਵਾਲੀ ਜਗਾ ’ਤੇ ਹੀ ਕੀਤਾ ਗਿਆ ਹੈ, ਜਿਸ ਤੋਂ ਕਿਸਾਨ ਸੰਯੁਕਤ ਮੋਰਚਾ ਦੇ ਆਗੂ ਇਨਕਾਰ ਨਹੀਂ ਕਰ ਸਕਦੇ ਅਤੇ ਇਸ ਲਈ ਪੀੜਤਾ ਨੂੰ ਨਿਆਂ ਦਿਵਾਉਣਾ ਉਨਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ। ਉਨਾਂ ਕਿਹਾ ਕਿ ਪੀੜਤਾ ਨੂੰ ਇਨਸਾਫ ਮਿਲਣ ਤਕ ਭਾਜਪਾ ਚੁੱਪ ਨਹੀਂ ਬੈਠੇਗੀ। ਦੱਸਣਯੋਗ ਹੈ ਕਿ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਪਿਛਲੇ 5 ਮਹੀਨੇ ਤੋਂ ਦਿੱਲੀ-ਹਰਿਆਣਾ ਬਾਰਡਰਾਂ ‘ਤੇ ਕਿਸਾਨਾਂ ਦਾ ਅੰਦੋਲਨ ਜਾਰੀ ਹੈ। ਇਸ ਦੌਰਾਨ ਕਿਸਾਨ ਅੰਦੋਲਨ ਵਿਚ ਹਿੱਸਾ ਲੈ ਰਹੇ 6 ਵਿਅਕਤੀਆਂ ‘ਤੇ ਪੁਲਿਸ ਨੇ 25 ਸਾਲਾ ਬੰਗਾਲੀ ਕੁੜੀ ਨਾਲ ਟਿਕਰੀ ਬਾਰਡਰ ‘ਤੇ ਸਮੂਹਿਕ ਜਬਰ ਜਨਾਹ ਕਰਨ ਅਤੇ ਅਗਵਾ ਕਰਨ ਦਾ ਮਾਮਲਾ ਦਰਜ ਕੀਤਾ ਹੈ। ਉੱਥੇ ਹੀ ਹਰਿਆਣਾ ਪੁਲਸ ਨੇ ਮਾਮਲੇ ਦੀ ਜਾਂਚ ਲਈ ਐਤਵਾਰ ਨੂੰ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ।



# ਪੈਰਾ ਮੈਡੀਕਲ ਕਾਮਿਆਂ ਦੀ ਹੱਕੀ ਮੰਗਾ ਦਾ ਪੂਰਾ ਸਮਰਥਨ: ਜੀਟੀਯੂ ਪੰਜਾਬ (ਵਿਗਿਆਨਿਕ )



**ਚੰਡੀਗੜ।** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ(ਵਿਗਿਆਨਿਕ ) ਦੇ ਸੂਬਾ ਪ੍ਰਧਾਨ ਹਰਜੀਤ ਬਸੋਤਾ, ਸੁਰਿੰਦਰ ਕੰਬੋਜ, ਨਵਪ੍ਰੀਤ ਬੱਲੀ, ਐਨ ਡੀ ਤਿਵਾੜੀ ਨੇ ਪੈਰਾ ਮੈਡੀਕਲ (ਐਨ ਐਚ ਐਮ) ਮੁਲਾਜ਼ਮਾਂ ਦੇ ਹੱਕੀ ਮੰਗਾਂ ਮੰਨਣ ਦੀ ਥਾਂ ਉਹਨਾਂ ਨੂੰ ਨੌਕਰੀ ਤੋਂ ਬਾਹਰ ਕੱਢਣ ਦੀ ਸਿਹਤ ਵਿਭਾਗ ਦੀ ਧਮਕੀ ਦਾ ਵਿਰੋਧ ਕੀਤਾ। ਸਿਹਤ ਵਿਭਾਗ ਦੇ ਇਹਨਾਂ ਮੁਲਾਜ਼ਮਾਂ ਨੂੰ ਜਿੱਥੇ ਇਕ ਪਾਸੇ ਕੋਰੋਨਾ ਯੋਧਿਆਂ ਦੇ ਨਾਂ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ ਉਥੇ ਸਰਕਾਰ ਇਹਨਾਂ ਦੀ ਮੰਗਾਂ ਮੰਨਣ ਦੀ ਥਾਂ ਇਹਨਾਂ ਦੇ ਰੁਜ਼ਗਾਰ ਨੂੰ ਖਤਮ ਕਰ ਰਹੀ ਹੈ, ਇਹ ਮੁਲਾਜ਼ਮ ਯੋਧੇ ਇਸ ਮਹਾਂਮਾਰੀ ਵਿੱਚ ਜਨ ਸੇਵਾ ਵਿੱਚ ਦਿਨ ਰਾਤ ਇਕ ਕਰ ਰਹੇ ਪਰ ਦੂਜੇ ਪਾਸੇ ਇਹ 14 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ਉੱਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਹੇ। ਇਹ *“ਸਮਾਨ ਕੰਮ ਸਮਾਨ ਵੇਤਨ"* ਜੇ ਮੰਗ ਰਹੇ ਹਨ ਤਾਂ ਕੀ ਗਲਤ ਹੈ?? ਪੰਜਾਬ ਸਰਕਾਰ ਜੋ ਆਪਣੇ ਮੈਨੀਫੈਸਟੋ ਵਿੱਚ ਘਰ ਘਰ ਰੁਜ਼ਗਾਰ ਦੀ ਗੱਲ ਕਰਕੇ ਸੱਤਾ ਵਿੱਚ ਆਈ ਸੀ, ਉਹ ਇਹਨਾਂ ਨੂੰ ਪੱਕੇ ਕਰਨ ਦੀ ਥਾਂ ਰੁਜ਼ਗਾਰ ਖੋਹਣ ਵੱਲ ਹੋਈ ਪਈ ਹੈ ਜਿਸ ਨੂੰ ਪੰਜਾਬ ਦੇ ਮੁਲਾਜਮ ਕਦੇ ਬਰਦਾਸ਼ਤ ਨਹੀਂ ਕਰਨਗੇ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਇਹਨਾਂ ਦੇ ਸੰਘਰਸ਼ ਦੀ ਪ੍ਰੋੜ੍ਹਤਾ ਕਰਦੀ ਹੈ ਤੇ ਇਹਨਾਂ ਨੂੰ ਰੈਗੂਲਰ ਸਕੇਲ ਤੇ ਪੱਕੇ ਕਰਨ ਦੀ ਮੰਗ ਸਰਕਾਰ ਪਾਸੋਂ ਕਰਦੀ ਹੈ । ਇਸ ਮੌਕੇ ਕੰਵਲਜੀਤ ਸੰਗੋਵਾਲ ,ਬਿਕਰਮਜੀਤ ਸਿੰਘ ਸ਼ਾਹ,ਸੋਮ ਸਿੰਘ ਗੁਰਦਾਸਪੁਰ,ਪ੍ਰਗਟ ਸਿੰਘ ਜੰਬਰ,ਜਰਨੈਲ ਮਿੱਠੇਵਾਲ,ਗੁਰਜੀਤ ਮੋਹਾਲੀ,ਜਗਦੀਪ ਸਿੰਘ ਜੌਹਲ,ਅਸ਼ਵਨੀ ਸ਼ਰਮਾਂ,ਰਘਬੀਰ ਬੱਲ ,ਸੁੱਚਾ ਸਿੰਘ ਚਾਹਲ,ਜਤਿੰਦਰ ਸਿੰਘ ਸੋਨੀ ,ਸਾਧੂ ਸਿੰਘ ਜੱਸਲ ਨੇ ਸਿਹਤ ਮੁਲਾਜ਼ਮ ਨੂੰ ਪੱਕਾ ਕਰਨ ਦੀ ਥਾਂ ਨੌਕਰੀ ਤੋਂ ਬਰਤਰਫ ਕਰਨ ਦਾ ਵਿਰੋਧ ਕੀਤਾ।

# ਕੋਰੋਨਾ ਦਰਮਿਆਨ ਪੀ. ਜੀ. ਆਈ ਪ੍ਰਸ਼ਾਸਨ ਦਾ ਵੱਡਾ ਫੈਸਲਾ, ਇਸ ਵਾਰ ਵੀ ਰੱਦ ਕੀਤੀਆਂ ‘ਡਾਕਟਰਾਂ‘ ਦੀਆਂ ਛੁੱਟੀਆਂ

**ਚੰਡੀਗੜ (ਦੀਪਕ ਸ਼ਰਮਾ)** ਸ਼ਹਿਰ ਵਿਚ ਵੱਧਦੇ ਕੋਰੋਨਾ ਮਰੀਜ਼ਾਂ ਦੀ ਗਿਣਤੀ ਨੂੰ ਵੇਖਦੇ ਹੋਏ ਪੀ. ਜੀ. ਆਈ. ਨੇ ਡਾਕਟਰਾਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। 16 ਮਈ ਤੋਂ 15 ਜੂਨ ਤੱਕ ਇਹ ਛੁੱਟੀਆਂ ਹੋਣੀਆਂ ਸਨ ਪਰ ਜਿਸ ਤਰਾਂ ਨਾਲ ਹੁਣ ਹਾਲਾਤ ਹਨ, ਉਸ ਨੂੰ ਵੇਖਦੇ ਹੋਏ ਪੀ. ਜੀ. ਆਈ. ਐਡਮਿਨਿਸਟ੍ਰੇਸ਼ਨ ਨੇ ਇਹ ਫੈਸਲਾ ਲਿਆ ਹੈ। ਇਹ ਲਗਾਤਾਰ ਦੂਜਾ ਸਾਲ ਹੈ, ਜਦੋਂ ਪੀ. ਜੀ. ਆਈ. ਦੇ ਡਾਕਟਰਾਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਰੱਦ ਹੋਈਆਂ ਹਨ। ਪਿਛਲੇ ਸਾਲ ਵੀ ਡਾਕਟਰਾਂ ਦੀ ਛੁੱਟੀਆਂ ਰੱਦ ਕੀਤੀਆਂ ਗਈਆਂ ਸਨ, ਹਾਲਾਂਕਿ ਡਾਕਟਰਾਂ ਨੂੰ ਸਰਦੀਆਂ ਦੀਆਂ ਛੁੱਟੀਆਂ ਦਿੱਤੀਆਂ ਗਈਆਂ ਸਨ। ਪੀ. ਜੀ. ਆਈ. ਸਾਲ ’ਚ ਦੋ ਵਾਰ ਡਾਕਟਰਾਂ ਨੂੰ ਛੁੱਟੀਆਂ ਦਿੰਦਾ ਹੈ। ਗਰਮੀਆਂ ਵਿਚ ਡਾਕਟਰ ਇਕ ਮਹੀਨਾ ਛੁੱਟੀ ’ਤੇ ਰਹਿੰਦੇ ਹਨ, ਜਦ ਕਿ ਸਰਦੀਆਂ ਵਿਚ ਸਿਰਫ 15 ਦਿਨ। ਕੋਰੋਨਾ ਕਾਰਨ ਫਿਜ਼ੀਕਲ ਓ. ਪੀ. ਡੀ. ਪਹਿਲਾਂ ਵਾਂਗ ਨਹੀਂ ਚੱਲ ਰਹੀ ਹੈ। ਮਰੀਜ਼ਾਂ ਨੂੰ ਟੈਲੀ ਕਸੰਲਟੇਸ਼ਨ ਜ਼ਰੀਏ ਲੋੜ ਪੈਣ ’ਤੇ ਬੁਲਾਇਆ ਜਾ ਰਿਹਾ ਹੈ। ਅਜਿਹੇ ਵਿਚ ਮਰੀਜ਼ਾਂ ਨੂੰ ਕੋਈ ਮੁਸ਼ਕਿਲ ਨਹੀਂ ਹੋਵੇਗੀ। ਹਾਲਾਂਕਿ ਹਰ ਵਾਰ ਮਰੀਜ਼ਾਂ ਨੂੰ ਛੁੱਟੀਆਂ ਵਿਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਸਰਜਰੀ ਅਤੇ ਓ. ਪੀ. ਡੀ. ਵਿਚ ਪਹਿਲਾਂ ਨਾਲੋਂ ਕਾਫ਼ੀ ਭੀੜ ਹੁੰਦੀ ਸੀ। ਸਰਜਰੀ ਲਈ ਲੰਬਾ ਇੰਤਜ਼ਾਰ ਹੁੰਦਾ ਸੀ। ਲੰਬੀ ਵੇਟਿੰਗ ਲਿਸਟ ਅਤੇ ਛੁੱਟੀ ਹੋਣ ਕਾਰਣ ਇਹ ਲਿਸਟ ਹੋਰ ਵਧ ਜਾਂਦੀ ਹੈ। ਮਰੀਜ਼ਾਂ ਨੂੰ ਤਾਰੀਖ ’ਤੇ ਤਾਰੀਖ ਮਿਲਦੀ ਰਹਿੰਦੀ ਹੈ। ਦੂਜੇ ਪਾਸੇ ਸਪੈਸ਼ਲ ਕਲੀਨਕ ਵਿਚ ਵਿਖਾਉਣ ਵਾਲੇ ਮਰੀਜ਼ਾਂ ਦੀ ਵੀ ਪ੍ਰੇਸ਼ਾਨੀ ਵਧਦੀ ਹੈ। ਉਹ ਜਦੋਂ ਨਹੀਂ ਮਿਲਦੇ ਤਾਂ ਨਵੇਂ ਡਾਕਟਰ ਕੋਲ ਜਾਣਾ ਪੈਂਦਾ ਹੈ। ਪੀ. ਜੀ. ਆਈ. ਵਿਚ ਕੋਵਿਡ ਡੈਡੀਕੇਟੇਡ ਹਸਪਤਾਲ ਐੱਨ. ਐੱਚ. ਈ. ਵਿਚ ਸਾਰੇ ਆਈ. ਸੀ. ਯੂ. ਬੈੱਡ ਭਰ ਚੁੱਕੇ ਹਨ। ਇਸ ਸਮੇਂ ਪੀ. ਜੀ. ਆਈ. ਵਿਚ 402 ਕੋਵਿਡ ਦੇ ਗੰਭੀਰ ਮਰੀਜ਼ ਦਾਖਲ ਹਨ। ਹੁਣ ਤੱਕ ਪੰਜਾਬ ਤੋਂ ਸਭ ਤੋਂ ਕੋਵਿਡ ਮਰੀਜ਼ਾਂ ਦਾ ਇਲਾਜ ਪੀ. ਜੀ. ਆਈ. ’ਚ ਕੀਤਾ ਗਿਆ ਹੈ।



# ਚੀਫ ਜੂਡੀਸ਼ੀਅਲ ਮੈਂਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ

**ਕਪੂਰਥਲਾ।** ਜਿਲ੍ਹਾ ਸੈਸ਼ਨ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਅਮਰਿੰਦਰ ਸਿੰਘ ਗਰੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੀਫ ਜੂਡੀਸ਼ੀਅਲ ਮੈਂਜਿਸਟ੍ਰੇਟ-ਕਮ-ਸਕੱਤਰ ਜ਼ਲ੍ਹਿਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਮਹੇਸ਼ ਕੁਮਾਰ ਵੱਲੋਂ ਅੱਜ ਕੇਂਦਰੀ ਜੇਲ ਕਪੂਰਥਲਾ ਵਿਖੇ ਕੈਂਪ ਕੋਰਟ ਦਾ ਆਯੋਜਨ ਕੀਤਾ ਗਿਆ। ਉਨ੍ਹਾਂ ਨੇ ਜੇਲ੍ਹ ਵਿੱਚ ਕੈਂਪ ਕੋਰਟ ਦੌਰਾਨ 6 ਕੇਸਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਅਤੇ ਅੰਡਰ ਵਾਇਲ ਬੰਦੀਆਂ ਦੀਆਂ ਮੁਸ਼ਕਿਲਾਂ ਸੁਣੀਆਂ। ਉਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਵਾਲਾਤੀਆਂ ਅਤੇ ਕੈਦੀਆਂ ਨੂੰ ਬਗੈਰ ਕਿਸੇ ਆਮਦਨ ਦੀ ਹੱਦ ਤੋਂ ਉਪ-ਮੰਡਲ ਦੀਆਂ ਕਚਿਹਰੀਆਂ ਤੋਂ ਲੈ ਕੇ ਮਾਣਯੋਗ ਸੁਪਰੀਮ ਕੋਰਟ ਤੱਕ ਕੇਸਾਂ ਅਤੇ ਅਪੀਲਾਂ ਦੀ ਪੈਰਵਾਈ ਕਰਨ ਲਈ ਮੁਫਤ ਵਕੀਲ ਦੀਆਂ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਕੇਸਾਂ ਅਤੇ ਅਪੀਲਾਂ ਉਤੇ ਆਉਣ ਵਾਲੇ ਫੁੱਟਕਲ ਖਰਚਿਆਂ ਦੀ ਅਦਾਇਗੀ ਵੀ ਵਿਭਾਗ ਵੱਲੋਂ ਕੀਤੀ ਜਾਂਦੀਹੈ।ਉਨਾਂ ਵਲੋਂ ਜੇਲ਼ ਦੌਰੇ ਦੌਰਾਨ ਜੇਲ੍ਹ ਵਿੱਚ ਬਣੇ ਲੀਗਲ ਏਡ ਕਲੀਨਿਕ ਦਾ ਵੀ ਦੌਰਾ ਕੀਤਾ ਗਿਆ ਅਤੇ ਕੈਦੀਆਂ/ਹਵਾਲਾਤੀਆਂ ਨੂੰ ਦਿੱਤੀ ਜਾਂਦੀ ਮੁਫਤ ਕਾਨੂੰਨੀ ਸਹਾਇਤਾ ਦਾ ਰਿਕਾਰਡ ਬਰੀਕੀ ਨਾਲ ਵਾਚਿਆ ਗਿਆ। ਇਸ ਦੌਰਾਨ ਜ਼ੇਲ੍ਹ ਵਿੱਚ ਡਿਊਟੀ ਦੇ ਰਹੇ ਪੈਰਾ ਲੀਗਲ ਵਲੰਟੀਅਰਸ/ਕਰਮਚਾਰੀਆਂ ਨੂੰ ਹਦਾਇਤ ਦਿੱਤੀ ਗਈ ਕਿ ਲੀਗਲ ਏਡ ਕਲੀਨਿਕ ਵਿੱਚ ਜਿਸ ਵੀ ਕੈਦੀ/ਹਵਾਲਾਤੀ ਨੂੰ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ, ਕਲੀਨਿਕ ਵਿੱਚ ਉਸ ਦੀ ਵੱਖਰੀ ਫਾਇਲ ਮੇਨਟੇਨ ਕੀਤੀ ਜਾਵੇ ਤਾਂ ਜੋ ਬਰੀਕੀ ਨਾਲ ਬਿਨ੍ਹਾਂ ਕਿਸੇ ਦੇਰੀ ਤੋਂ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ ਅਤੇ ਕਵਿਡ-19 ਸੰਬੰਧੀ ਸਮੇਂ-ਸਮੇਂ ਤੇ ਦਿੱਤੀਆਂ ਜਾਂਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ । ਉਨਾਂ ਕਿਹਾ ਕਿ 10-7-2021 ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਰਾਜੀਨਾਮੇਯੋਗ ਕੇਸਾਂ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਨਾਲ ਹੀ ਦੱਸਿਆ ਕਿ ਕਿਸੇ ਵੀ ਤਰ੍ਹਾਂ ਦੀ ਸੱਮਸਿਆ ਲਈ ਟੋਲ ਵੀ ਨੰਬਰ 1968 ਤੇ ਸੰਪਰਕ ਕੀਤਾ ਜਾਵੇ। ਇਸ ਮੌਕੇ ਤੇ ਸ਼੍ਰੀ ਬਲਜੀਤ ਸਿੰਘ ਘੁੰਮਣ ਸੁਪਰਡੈਂਟ, ਸ਼੍ਰੀ ਨਰਪਿੰਦਰ ਸਿੰਘ ਡਿਪਟੀ ਜ਼ੇਲ੍ਹ ਸੁਪਰਡੈਂਟ ਤੋਂ ਇਲਾਵਾ ਕਾਨੂੰਨੀ ਸੇਵਾਵਾਂ ਅਥਾਰਟੀ ਕਪੂਰਥਲਾ ਅਤੇ ਕੇਂਦਰੀ ਜ਼ੇਲ੍ਹ ਦੇ ਸਟਾਫ ਮੈਂਬਰਾਨ ਅਤੇ ਪੈਰਾ ਲੀਗਲ ਵਲੰਟੀਅਰ ਹਾਜਰ ਸਨ।



# ਮਾਲਵਾ ਖੇਤਰ ਦੇ ਮਸ਼ਹੂਰ ਮੈਡੀਕਲ ਹਸਪਤਾਲ ’ਚ 119 ’ਚੋਂ 73 ਵੈਂਟੀਲੇਟਰ ਖਰਾਬ : ਚੰਦਬਾਜਾ/ਸੰਧਵਾਂ

### ਮਾਮਲਾ ਮੁੱਖ ਮੰਤਰੀ ਦੇ ਧਿਆਨ ’ਚ ਲਿਆਂਦਾ ਜਾ ਚੁੱਕਾ ਹੈ : ਓਐਸਡੀ ਸੰਨੀ ਬਰਾੜ

**ਕੋਟਕਪੂਰਾ।** ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਵਿਖੇ ਕੋਰੋਨਾ ਮਹਾਂਮਾਰੀ ਦੇ ਸੰਕਟ ਦੇ ਬਾਵਜੂਦ 119 ਵਿੱਚੋਂ 73 ਵੈਂਟੀਲੇਟਰ ਖਰਾਬ ਹੋਣ ਸਬੰਧੀ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਵਲੋਂ ਵਾਰ-ਵਾਰ ਧਿਆਨ ਦਿਵਾਉਣ ਦੇ ਬਾਵਜੂਦ ਵੀ ਸਿਹਤ ਵਿਭਾਗ ਅਤੇ ਸਬੰਧਤ ਪ੍ਰਸ਼ਾਸ਼ਨ ਵਲੋਂ ਧਿਆਨ ਨਾ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਸੁਸਾਇਟੀ ਦੇ ਪ੍ਰਧਾਨ ਭਾਈ ਗੁਰਪ੍ਰੀਤ ਸਿੰਘ ਚੰਦਬਾਜਾ ਅਤੇ ਸੀਨੀਅਰ ਮੀਤ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਵਿਧਾਇਕ ਦੀ ਅਗਵਾਈ ਵਾਲੇ ਵਫਦ ਨੇ ਇਕ ਸਾਲ ਪਹਿਲਾਂ ਲਿਖਤੀ ਤੌਰ ’ਤੇ ਮੈਡੀਕਲ ਸੁਪਰਡੈਂਟ ਨੂੰ ਸ਼ਿਕਾਇਤ ਸੌਂਪਦਿਆਂ ਬੇਨਤੀ ਕੀਤੀ ਕਿ ਉਕਤ ਵੈਂਟੀਲੇਟਰ ਠੀਕ ਕਰਵਾਏ ਜਾਣ, ਸੁਸਾਇਟੀ ਨੇ 6 ਮਹੀਨੇ ਬਾਅਦ ਫਿਰ ਯਾਦ ਪੱਤਰ ਸੌਂਪ ਕੇ ਉਕਤ ਬੇਨਤੀ ਦੁਹਰਾਈ ਅਤੇ ਪਿਛਲੇ ਮਹੀਨੇ 15 ਅਪ੍ਰੈਲ ਨੂੰ ਖੁਦ ਮਿਲ ਕੇ ਅਪੀਲ ਕੀਤੀ ਕਿ ਵੈਂਟੀਲੇਟਰ ਠੀਕ ਕਰਵਾਏ ਜਾਣ ਪਰ ਅੱਜ ਲਗਭਗ 1 ਮਹੀਨਾ ਬੀਤਣ ਉਪਰੰਤ ਵੀ 73 ਕੀਮਤੀ ਵੈਂਟੀਲੇਟਰ ਜਰੂਰਤ ਹੋਣ ਦੇ ਬਾਵਜੂਦ ਵੀ ਕਬਾੜਖਾਨੇ ਵਿੱਚ ਸੁੱਟ ਕੇ ਲੋਕਾਂ ਦੇ ਪੈਸੇ ਅਤੇ ਮਰੀਜਾਂ ਦੀ ਜਾਨ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਭਾਈ ਚੰਦਬਾਜਾ ਅਤੇ ਸ੍ਰ ਸੰਧਵਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਰਾਹਤ ਕੋਸ਼ ਫੰਡ ਵਿੱਚੋਂ ਆਏ 73 ਕੀਮਤੀ ਵੈਂਟੀਲੇਟਰਾਂ ਦੀ ਯੋਗ ਸਾਂਭ-ਸੰਭਾਲ ਨਾ ਕਰਨ ਵਾਲੇ ਜਿੰਮੇਵਾਰ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਉਹ ਸੰਘਰਸ਼ ਤੋਂ ਗੁਰੇਜ ਨਹੀਂ ਕਰਨਗੇ। ਉਨਾਂ ਆਖਿਆ ਕਿ ਉਕਤ ਵੈਂਟੀਲੇਟਰਾਂ ਰਾਹੀਂ ਬਹੁਤ ਸਾਰੀਆਂ ਅਜਾਈਂ ਜਾ ਚੁੱਕੀਆਂ ਅਤੇ ਜਾ ਰਹੀਆਂ ਕੀਮਤੀ ਜਾਨਾ ਨੂੰ ਬਚਾਇਆ ਜਾ ਸਕਦਾ ਸੀ। ਉਨਾ ਦੋਸ਼ ਲਾਇਆ ਕਿ ਵੈਂਟੀਲੇਟਰ ਨਾ ਮਿਲਣ ਕਰਕੇ ਹਸਪਤਾਲ ਵਲੋਂ ਮਰੀਜ ਨੂੰ ਰੈਫਰ ਕੀਤਾ ਜਾਂਦਾ ਹੈ ਤੇ ਪੀੜਤ ਦੂਜੇ ਹਸਪਤਾਲ ਵਿੱਚ ਪਹੁੰਚਣ ਤੋਂ ਪਹਿਲਾਂ ਆਪਣੀ ਜਾਨ ਤੋਂ ਹੱਥ ਧੋ ਬੈਠਦਾ ਹੈ। ਇਸ ਲਈ ਸਬੰਧਤ ਪ੍ਰਸ਼ਾਸ਼ਨ ਬਰਾਬਰ ਦਾ ਜਿੰਮੇਵਾਰ ਹੈ। ਸੰਪਰਕ ਕਰਨ ’ਤੇ ਸੰਦੀਪ ਸਿੰਘ ਸੰਨੀ ਬਰਾੜ ਓਐਸਡੀ ਮੁੱਖ ਮੰਤਰੀ ਪੰਜਾਬ ਨੇ ਆਖਿਆ ਕਿ ਉਹ ਇਸ ਸਬੰਧੀ ਸਾਰਾ ਮਾਮਲਾ ਮੁੱਖ ਮੰਤਰੀ ਦੇ ਧਿਆਨ ’ਚ ਲਿਆ ਚੁੱਕੇ ਹਨ ਤੇ ਸੀਮੈਨ ਕੰਪਨੀ ਦਾ ਵਿਸ਼ੇਸ਼ ਟੈਕਨੀਕਲ ਮਾਹਰ ਆ ਕੇ ਜਲਦ ਉਕਤ ਵੈਂਟੀਲੇਟਰਾਂ ਨੂੰ ਠੀਕ ਕਰੇਗਾ।




# ਕਿਸੇ ਵੀ ਆੜ੍ਹਤੀਏ ਨੂੰ ਲਾਕਡਾਊਨ ਵਿੱਚ ਫਲ ਤੇ ਸਬਜੀਆਂ ਲਈ ਮਨਮਰਜ਼ੀ ਦੇ ਰੇਟ ਨਹੀਂ ਲਗਾਉਣ ਦਿੱਤੇ ਜਾਣਗੇ-ਅਰੋੜਾ

### ਮਾਰਕੀਟ ਕਮੇਟੀ ਨੇ ਫਲ ਸਬਜੀਆਂ ਦੇ ਰੇਟ ਫਿਕਸ ਕੀਤੇ

**ਕਰਤਾਰਪੁਰ(,ਜਸਵੰਤ ਵਰਮੀ,ਦਿਨੇਸ਼ ਕੁਮਾਰ)** ਸਬਜੀ ਮੰਡੀ ਵਿੱਚ ਕਿਸੇ ਵੀ ਆੜ੍ਹਤੀਏ ਨੂੰ ਲਾਕਡਾਊਨ ਦੋਰਾਨ ਮਨਮਰਜੀ ਨਾਲ ਰੇਟ ਨਹੀਂ ਲਗਾਉਣ ਦਿੱਤੇ ਜਾਣਗੇ, ਮਾਰਕੀਟ ਕਮੇਟੀ ਵੱਲੋਂ ਫਲਾਂ, ਸਬਜੀਆਂ ਦੇ ਰੇਟ ਫਿਕਸ ਕੀਤੇ ਗਏ ਹਨ।ਇਹ ਜਾਣਕਾਰੀ ਮਾਰਕੀਟ ਕਮੇਟੀ ਜਲੰਧਰ ਦੇ ਚੇਅਰਮੈਨ ਰਾਜ ਕੁਮਾਰ ਅਰੋੜਾ ਨੇ ਦਿੰਦਿਆਂ ਕਿਹਾ ਜੇਕਰ ਕਿਸੇ ਨੇ ਫਿਕਰ ਰੇਟਾਂ ਤੋ ਵੱਧ ਰੇਟਾਂ ਤੇ ਫਲ,ਸਬਜੀਆਂ ਵੇਚੀਆਂ ਤਾ ਉਹਨਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਉਹਨਾਂ ਕਿਹਾ ਫਲ,ਸਬਜੀਆਂ ਦੇ ਰੋਜਾਨਾ ਰੇਟ ਫਿਕਸ ਕੀਤੇ ਜਾਣਗੇ।ਉਹਨਾਂ ਕਿਹਾ ਜੇਕਰ ਕੋਈ ਜਿਆਦਾ ਰੇਟ ਮੰਗਦਾ ਹੈ ਤਾਂ ਉਹ ਮਾਰਕੀਟ ਕਮੇਟੀ ਦੇ ਦਫਤਰ ਸ਼ਿਕਾਇਤ ਕਰ ਸਕਦਾ ਹੈ।



# ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋ ਕਿਸਾਨਾ ਦਾ ਜਥਾ ਸਿੰਘੂ ਬਾਰਡਰ ਪੁੱਜਾ



**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)**ਮੁਕੇਰੀਆਂ ਜਿਲਾ ਹੁਸਿਆਰਪੁਰ ਦੇ ਲੋਕਾ ਨੇ ਸੈਂਕੜੇ ਪੇਟੀਆ ਪਾਣੀ ਦੀ ਸੇਵਾ ਕੀਤੀ।ਪਾਣੀ ਦੀ ਗੱਡੀ ਲੈਕੇ ਪੁੱਜੇ ਹਰਜੀਤ ਸਿੰਘ,ਰਘਬੀਰ ਸਿੰਘ,ਕਲਬੀਰ ਸਿੰਘ ਹੈਰੀ, ਗੁਰਪਰੀਤ ਸਿੰਘ ਸੋਨੂੰ,ਮਨਪਰੀਤ ਆਦਿ ਆਗੂਆ ਦਾ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪਰਧਾਨ ਡਾ ਸਤਨਾਮ ਸਿੰਘ ਅਜਨਾਲਾ ਨੇ ਨਿੱਘਾ ਸਵਾਗਤ ਕੀਤਾ। ਹਾਜਰ ਲੋਕਾ ਨੂੰ ਸਬੋਧਨ ਕਰਦਿਆ ਸੂਬਾਈ ਪਰੈਸ ਸਕੱਤਰ ਪਰਗਟ ਸਿੰਘ ਜਾਮ-ਰਾਏ ਨੇ ਕਿਹਾ ਕੇ ਜਿੱਥੇ ਸੰਘਰਸ਼ੀ ਮੋਰਚਿਆ ਵਿੱਚ ਮਹੀਨਿਆ ਬੱਧੀ ਡੱਟੇ ਕਿਸਾਨਾ ਦਾ ਯੋਗਦਾਨ ਹੈ। ਉਥੇ ਇਹਨਾ ਮੋਰਚਿਆ ਵਿੱਚ ਲੰਗਰ ਦੀ ਸੇਵਾ ਕਰ ਰਹੇ ਅਤੇ ਰਸਦਾ, ਪਾਣੀ ਪੁੱਜਦਾ ਕਰ ਰਹੇ ਦਾਨੀ ਸੱਜਣਾ ਦਾ ਵੀ ਵੱਡਾ ਯੋਗਦਾਨ ਹੈ।ਉਹਨਾ ਪਾਣੀ ਲੈ ਕੇ ਆਏ ਦਾਨੀ ਸੱਜਣਾ ਦਾ ਵਿਸੇਸ ਰੂਪ ਵਿੱਚ ਧੰਨਵਾਦ ਕੀਤਾ ਅਤੇ ਕਿਹਾ ਕੇ ਸਯੁਕਤ ਕਿਸਾਨ ਮੋਰਚਾ ਦੇ ਸੱਦੇ ਤੇ ਕੱਲ ਹਜਾਰਾਂ ਕਿਸਾਨ ਮੋਰਚੇ ਵਿੱਚ ਪੁੱਜੇ ਹਨ। 12 ਮਈ ਨੂੰ ਜਮਹੂਰੀ ਕਿਸਾਨ ਸਭਾ ਦੀ ਅਗਵਾਈ ਹੇਠ ਸੈਕੜੇ ਕਿਸਾਨ ਸਿੰਘੂ ਬਾਰਡਰ ਪੁੱਜਣਗੇ। ਇਸ ਮੌਕੇ ਹੋਰਨਾ ਤੋ ਇਲਾਵਾ ਸੂਬਾ ਆਗੂ ਜਸਵਿੰਦਰ ਸਿੰਘ ਢੇਸੀ, ਨਿਰਮਲ ਸਿੰਘ ਆਧੀ,ਨੌਜਵਾਨ ਆਗੂ ਧਰਮਿੰਦਰ ਸਿੰਘ ਮਕੇਰੀਆ ,ਕਲਵੰਤ ਸਿੰਘ ਮੱਲ੍ਹ ਨੰਗਲ ਪਰਗਟ ਸਿੰਘ ਜਾਮਾਰਾਏ ਆਦਿ ਆਗੂ ਹਾਜਰ ਸਨ ।

# ਕਾਂਗਰਸ ਦੇ ਸੀਨੀਅਰ ਆਗੂ ਡਾ. ਰਾਜ ਕੁਮਾਰ ਨੇ ਸਰਕਾਰੀ ਹੁਸ਼ਿਆਰਪੁਰ ਦੇ ਕੋਵਿਡ ਆਈਸੋਲੇਸ਼ਨ ਸੈਂਟਰ ਦਾ ਕੀਤਾ ਨਿਰੀਖਣ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਹੁਸਿ਼ਆਰਪੁਰ ਤੋਂਡਾ. ਰਾਜ ਕੁਮਾਰ ਚੱਬੇਵਾਲ ਨੇ ਸਿਵਿਲ ਹਸਪਤਾਲ ਹੁਸਿ਼ਆਰਪੁਰ ਦੇ ਕੋਵਿਡ ਆਈਸੋਲੇਸ਼ਨ ਸੈਂਟਰ ਦਾ ਦੌਰਾ ਕੀਤਾ ਅਤੇ ਮਰੀਜ਼ਾ ਦੇ ਇਲਾਜ ਲਈ ਕੀਤੇ ਗਏ ਇੰਤਜਾਮਾਂ ਦਾ ਜਾਇਜਾ ਲਿਆ। ਇਸ ਮੌਕੇ ਤੇ ਉਹਨਾਂ ਦੇ ਨਾਲ ਸਿਵਿਲ ਸਰਜਨ ਡਾ. ਰਣਜੀਤ ਸਿੰਘ, ਸੀਨਿਅਰ ਐਸਐਮਓ ਡਾ. ਜਸਵਿੰਦਰ ਸਿੰਘ, ਐਸਐਮਓ ਡਾ. ਜਸਵਿੰਦਰ ਸਿੰਘ, ਐਸਐਮਓ ਡਾ. ਸਵਾਧੀ ਅਤੇ ਐਸਐਮਓ ਹਾਰਟਾ ਡਾ. ਬੱਧਣ ਵੀ ਮੌਜੂਦ ਸਨ। ਇਸ ਮੌਕੇ ਤੇ ਡਾ. ਰਾਜ ਕੁਮਾਰ ਨੇ ਦੱਸਿਆ ਕਿ ਸਿਵਿਲ ਹਸਪਤਾਲ ਵਿੱਚ ਕੋਵਿਡ ਦੇ ਮਰੀਜ਼ਾ ਲਈ ਕੀਤੇ ਗਏ ਇੰਤਜਾਮਾ ਨੂੰ ਦੇਖ ਕੇ ਸੰਤੁਸ਼ਟੀ ਮਿਲੀ। ਉਹਨਾਂ ਦੱਸਿਆ ਕਿ ਇਸ ਸਮੇਂ ਸਿਵਿਲ ਹਸਪਤਾਲ ਦੇ ਕੋਵਿਡ ਵਾਰਡ ਵਿੱਚ ਲੈਵਲ-2 ਦੇ 110 ਅਤੇ ਲੈਵਲ 3 ਦੇ 10 ਬੈਡਾਂ ਦੀ ਵਿਵਸਥਾ ਕੀਤੀ ਗਈ ਹੈ। ਇਹਨਾਂ ਵਾਰਡਾਂ ਵਿੱਚ ਬੀਤੇ ਸਮੇਂ ਵਿੱਚ ਬਹੁਤ ਗੰਭੀਰ ਸਥਿਤੀ ਵਿੱਚ ਲਿਆਂਦੇ ਗਏ ਮਰੀਜ਼ ਵੀ ਠੀਕ ਹੋਏ ਹਨ ਜਿਨਾਂ ਦਾ ਆਕਸੀਜਨ ਲੈਵਲ 60 ਤੋਂ 70 ਤੱਕ ਵੀ ਪੁੱਜ ਗਿਆ ਸੀ। ਡਾ. ਰਾਜ ਕੁਮਾਰ ਚੱਬੇਵਾਲ ਨੇ ਸਮੂਹ ਡਾਕਟਰ ਤੇ ਸਟਾਫ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਜਿੰਨੇ ਕੋਵਿਡ ਫਰੰਟ ਲਾਈਨ ਡਾਕਟਰ ਅਤੇ ਪੈਰਾਮੈਡੀਕਲ ਸਟਾਫ ਇਸ ਮਰੀਜ਼ਾਂ ਦੀ ਦੇਖ-ਭਾਲ ਕਰ ਰਿਹਾ ਹੈ ਉਨਾਂ ਸਭ ਦੀ ਕੋਵਿਡ ਦੀ ਵੈਕਸੀਨੇਸ਼ਨ ਹੋ ਚੁੱਕੀ ਹੈ। ਇਸ ਸੰਬੰਧੀ ਇਹ ਜਾਣ ਕੇ ਉਹਨਾਂ ਨੂੰ ਬੇਹੱਦ ਸੰਤੋਸ਼ ਹੋਇਆ ਕਿ ਆਪਣੀ ਜਾਨ ਤੇ ਖੇਲ ਕੇ ਮਰੀਜਾਂ ਦੀ ਸੇਵਾ ਕਰ ਰਹੇ ਸਾਰੇ ਸਟਾਫ ਦੀ ਕੋਵਿਡ ਦੀ ਵੈਕਸੀਨੇਸ਼ਨ ਹੋ ਚੁੱਕੀ ਹੈ। ਇਸ ਮੌਕੇ ਤੇ ਡਾ. ਰਾਜ ਕੁਮਾਰ ਨੇ ਇਹ ਵੀ ਦੱਸਿਆ ਕਿ ਆਉਂਦੀ ਗਰਮੀ ਨੂੰ ਵੇਖ ਕੇ ਜਲਦੀ ਕੋਵਿਡ ਆਈਸੋਲੇਸ਼ਨ ਵਿੱਚ ਏਸੀ ਲਗਵਾਉਣ ਦੀ ਪ੍ਰਕਿਰਿਆ ਵੀ ਪੂਰੀ ਕਰ ਲਈ ਜਾਵੇਗੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਾ. ਰਾਜ ਨੇ ਦੱਸਿਆ ਕਿ ਸਮੂਹ ਸਿਵਿਲ ਹਸਪਤਾਲ ਸਟਾਫ ਵਲੋਂ ਸਿਵਿਲ ਸਰਜਨ ਡਾ. ਰਣਜੀਤ ਸਿੰਘ ਦੀ ਅਗਵਾਈ ਵਿੱਚ ਮਾਨਯੋਗ ਜਿਲਾ ਡਿਪਟੀ ਕਮਿਸ਼ਨਰ ਅਪਨੀਤ ਰਿਆਤ ਅਤੇ ਐਸਐਸਪੀ ਹੁਸ਼ਿਆਰਪੁਰ ਨਵਜੋਤ ਮਾਹਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੋਵਿਡ ਦੇ ਸਾਰੇ ਐਸਓਪੀ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਕੰਮ ਕੀਤੇ ਜਾ ਰਹੇ ਹਨ। ਉਹਨਾਂ ਨੂੰ ਮੇਰੇ ਵਲੋਂ ਸਲਾਮ ਹੈ। ਇਸ ਮੌਕੇ ਤੇ ਡਾ. ਰਾਜ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਕੋਵਿਡ ਦੇ ਇੰਤਜਾਮ ਨੂੰ ਲੈ ਕੇ ਸਾਰੇ ਪੰਜਾਬ ਵਿੱਚ ਸਰਕਾਰੀ ਹਸਪਤਾਲ ਵਿੱਚ ਆਕਸੀਜਨ ਤੇ ਹੋਰਨਾਂ ਦਵਾਈਆਂ ਮੁਹੱਇਆ ਕਰਵਾਉਣ ਵਜੋਂ ਕੀਤੇ ਗਏ ਉਪਰਾਲਿਆ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਤੇ ਡਾ. ਰਾਜ ਕੁਮਾਰ ਨੇ ਦੱਸਿਆ ਕਿ ਹਲਾਂਕਿ ਪੰਜਾਬ ਵਿੱਚ ਕੋਵਿਡ ਨਾਲ ਮੌਤ ਦੀ ਦਰ ਖਾਸ ਤੌਰ ਤੇ ਪੰਜਾਬ ਦੇ ਪੇਂਡੂ ਇਲਾਕਿਆ ਵਿੱਚ ਬਾਕੀ ਰਾਜਾਂ ਨਾਲੋ ਜਿਆਦਾ ਹੈ ਪਰ ਮੈਨੂੰ ਯਕੀਨ ਹੈ ਕਿ ਲੋਕਾਂ ਨੂੰ ਇਸ ਬਾਰੇ ਚਿਤਾ ਕੇ ਅਤੇ ਹੋਰ ਸਾਵਧਾਨੀਆ ਵਰਤ ਕੇ ਜਲਦੀ ਹੀ ਇਸ ਤੇ ਵੀ ਨੱਥ ਪਾਉਣ ਵਿੱਚ ਕਾਮਯਾਬੀ ਹਾਸਿਲ ਕੀਤੀ ਜਾਵੇਗੀ। ਇਸ ਮੌਕੇ ਤੇ ਉਹਨਾਂ ਦੱਸਿਆ ਕਿ ਸਾਡੇ ਪੇਂਡੂ ਇਲਾਕਿਆ ਵਿੱਚ ਰਹਿਣ ਵਾਲੇ ਨਿਵਾਸੀਆਂ ਅੱਗੇ ਹੱਥ ਜੋੜ ਕੇ ਬੇਨਤੀ ਹੈ ਕਿ ਅਸੀ ਨਾ ਸਿਰਫ ਆਪਣੇ ਅਤੇ ਆਪਣੇ ਪਰਿਵਾਰ ਨੂੰ ਕੋਵਿਡ ਦੇ ਭਿਆਨਕ ਅੰਜਾਮਾ ਤੋਂ ਬਚਣ ਲਈ ਯਤਨ ਕਰੀਏ ਬਲਕਿ ਇਸਦੇ ਨਾਲ ਅਸੀ ਇਹ ਵੀ ਯਕੀਨੀ ਬਣਾਈਏ ਕਿ ਕੋਵਿਡ ਕਰਕੇ ਹੋਣ ਵਾਲੇ ਨੁਕਸਾਨ ਤੋਂ ਅਸੀ ਦੂਸਰੇ ਪਿੰਡ ਵਾਸੀਆ ਤੇ ਸਾਥੀਆਂ ਨੂੰ ਵੀ ਸਜਕ ਕਰੀਏ। ਇਸ ਔਖੀ ਘੜੀ ਵਿੱਚ ਇੱਕ-ਦੂਜੇ ਦੇ ਸਹਿਯੋਗ ਨਾਲ ਇਸ ਮਹਾਮਾਰੀ ਤੋਂ ਮੁਕਤੀ ਪਾ ਸਕੀਏ।

